Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 21* Issue 75 | Monday, April 18, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


## ਮਸਜਿਦ ਦੇ ਬਾਹਰ ਚੱਲੀ ਗੋਲੀ ਵਿੱਚ ਪੰਜ ਜ਼ਖ਼ਮੀ



ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਸਕਾਰਬਰੋ ਵਿੱਚ ਤੜ੍ਹਕਸਾਰ ਦੀ ਨਮਾਜ਼ ਅਦਾ ਕਰਨ ਵਾਲੇ ਇੱਕ ਗਰੁੱਪ ਉੱਤੇ ਕੁੱਝ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆ ਚਲਾਈਆਂ ਗਈਆਂ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਮਾਰਖਮ ਰੋਡ ਤੇ ਲਾਅਰੈਂਸ ਐਵਨਿਊ ਈਸਟ ਇਲਾਕੇ ਵਿੱਚ ਰਮਦਾਨ ਦੇ ਪਵਿੱਤਰ ਮਹੀਨੇ ਤੜ੍ਹਕੇ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਇੱਕ ਗਰੁੱਪ ਪਾਰਕਿੰਗ ਲੌਟ ਵਿੱਚ ਇੱਕਠਾ ਹੋ ਕੇ ਇਹ ਵਿਚਾਰ ਕਰ ਰਿਹਾ ਸੀ ਕਿ ਉਨ੍ਹਾਂ ਨੂੰ ਖਾਣਾ ਕਿੱਥੇ ਖਾਣਾ ਚਾਹੀਦਾ ਹੈ। ਸ਼ਨਿੱਚਰਵਾਰ ਦੁਪਹਿਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਕਾਰਜਕਾਰੀ ਸਟਾਫ ਸੁਪਰਡੈਂਟ ਡੇਵਿਡ ਰਿਡਜ਼ਿਕ ਨੇ ਆਖਿਆ ਕਿ ਉਹ ਇੱਕ ਥਾਂ ਉੱਤੇ ਸਨ ਤੇ ਇੱਥੋਂ ਜਾਣ ਹੀ ਵਾਲੇ ਸਨ ਜਦੋਂ ਗੋਲੀਆਂ ਚੱਲਣ ਦੀ ਆਵਾਜ਼ ਆਈ ਤੇ ਪੰਜ ਵਿਅਕਤੀ ਜ਼ਖ਼ਮੀ ਹੋ ਗਏ। ਉਨ੍ਹਾਂ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਇਹ ਗੋਲੀਆਂ ਮਾਰਖਮ ਰੋਡ ਉੱਤੇ ਜਾ ਰਹੀ ਇੱਕ ਗੱਡੀ ਵਿੱਚੋਂ ਚਲਾਈਆਂ ਗਈਆਂ।

ਪੁਲਿਸ ਨੇ ਦੱਸਿਆ ਕਿ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਤੇ ਪੰਜਵਾਂ ਜ਼ਖ਼ਮੀ ਵਿਅਕਤੀ ਆਪਣੇ ਆਪ ਹੀ ਹਸਪਤਾਲ ਚਲਾ ਗਿਆ।

...ਬਾਕੀ ਪੰਨਾ 3 'ਤੇ

## ਕਾਰਬਨ ਟੈਕਸ ਨੀਤੀ ਨੂੰ ਖ਼ਤਮ ਕਰਨ ਦਾ ਐਚੀਸਨ ਨੇ ਪ੍ਰਗਟਾਇਆ ਤਹੱਈਆ



ਓਨਟਾਰੀਓ, 17 ਅਪਰੈਲ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਦੇ ਲੀਡਰਸ਼ਿਪ ਉਮੀਦਵਾਰ ਸਕੌਟ ਐਚੀਸਨ ਨੇ ਆਖਿਆ ਕਿ ਭਾਵੇਂ ਕਾਰਬਨ ਟੈਕਸ ਲਗਾਉਣਾ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਰੋਕਣ ਦੀ ਸੱਭ ਤੋਂ ਪ੍ਰਭਾਵਸ਼ਾਲੀ ਨੀਤੀ ਹੈ ਪਰ ਉਹ ਇਸ ਨੂੰ ਖ਼ਤਮ ਕਰ ਦੇਣਗੇ।

ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਲੀਡਰ ਵਜੋਂ ਉਹ ਟੈਕਸ ਪਾਲਿਸੀ ਪੇਸ਼ ਨਹੀਂ ਕਰਨਗੇ ਸਗੋਂ ਉਹ ਤਾਂ ਕਲਾਈਮੇਟ ਪਲੈਨ ਲਿਆਉਣਗੇ। ਉਨ੍ਹਾਂ ਆਖਿਆ ਕਿ ਸਾਨੂੰ ਮਿਊਂਸਪੈਲਿਟੀਜ਼ ਨਾਲ ਰਲ ਕੇ ਕੰਮ ਕਰਨ ਦੀ ਲੋੜ ਹੈ ਤਾਂ ਕਿ ਅਸੀਂ ਕੈਨੇਡੀਅਨਜ਼ ਦੇ ਕਾਰਬਨ ਫੁੱਟਪ੍ਰਿੰਟ ਨੂੰ ਹਟਾਉਣ ਵਿੱਚ ਉਨ੍ਹਾਂ ਦੀ ਮਦਦ ਕਰ ਸਕੀਏ। ਸਾਨੂੰ ਉਨ੍ਹਾਂ ਨੂੰ ਸਜ਼ਾ ਨਹੀਂ ਦੇਣੀ ਚਾਹੀਦੀ। ਐਚੀਸਨ ਵੱਲੋਂ ਸਾਬਕਾ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਦੇ ਕਲਾਈਮੇਟ ਚੇਂਜ ਨਾਲ ਲੜਨ ਵਾਲੇ ਪਲੈਨ ਦਾ ਸਮਰਥਨ ਵੀ ਕੀਤਾ ਗਿਆ ਸੀ।

ਐਚੀਸਨ ਖੁਦ ਨੂੰ ਕੰਜ਼ਰਵੇਟਿਵ ਮੈਂਬਰਾਂ ਨਾਲ ਰੂ-ਬ-ਰੂ ਕਰਨ ਦੀ ਤਿਆਰੀ ਕਰ ਰਹੇ ਹਨ ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਪਾਰਟੀ ਦੀ ਲੀਡਰਸ਼ਿਪ ਦੌੜ ਵਿੱਚ ਸੱਭ ਤੋਂ ਘੱਟ ਜਾਣੇ ਪਛਾਣੇ ਆਗੂ ਹਨ। ਫੈਡਰਲ ਸਿਆਸਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਐਚੀਸਨ ਹੰਟਸਵਿੱਲ ਦੇ ਮੇਅਰ ਸਨ। ਐਚੀਸਨ ਵੱਲੋਂ ਮੰਗਲਵਾਰ ਨੂੰ ਆਪਣੀ ਹਾਊਸਿੰਗ ਪਾਲਿਸੀ ਜਾਰੀ ਕੀਤੀ ਗਈ। ਇਸ ਵਿੱਚ ਹਾਊਸਿੰਗ ਸੰਕਟ ਨਾਲ ਨਜਿੱਠਣ ਲਈ ਸਪਲਾਈ ਵਿੱਚ ਵਾਧਾ ਕਰਨ ਉੱਤੇ ਧਿਆਨ ਕੇਂਦਰਿਤ ਕਰਨ ਦੀ ਗੱਲ ਕੀਤੀ ਗਈ ਹੈ। ਉਨ੍ਹਾਂ ਇਹ ਵਾਅਦਾ ਵੀ ਕੀਤਾ ਹੈ ਕਿ ਉਹ ਨਵੇਂ ਬਿਲਡਿੰਗ ਪ੍ਰੋਜੈਕਟਸ ਕਾਇਮ ਕਰਨ ਲਈ ਨਵੇਂ ਨਿਯਮ ਲਿਆਉਣਗੇ ਤੇ ਇਸ ਲਈ ਮਿਊਂਸਪੈਲਿਟੀਜ਼ ਨਾਲ ਰਲ ਕੇ ਕੰਮ ਕਰਨਗੇ। ਉਨ੍ਹਾਂ ਕਿਫਾਇਤੀ ਤੇ ਸੋਸ਼ਲ ਹਾਊਸਿੰਗ ਵਿੱਚ ਨਿਵੇਸ਼ ਕਰਨ ਦਾ ਤਹੱਈਆ ਵੀ ਪ੍ਰਗਟਾਇਆ।

## ਈਸਟਰ ਵੀਕੈਂਡ ਉੱਤੇ ਅਮਰੀਕਾ ਵਿੱਚ 3 ਥਾਂਵਾਂ ਉੱਤੇ ਚੱਲੀਆਂ ਗੋਲੀਆਂ, 2 ਹਲਾਕ



ਹੈਂਪਟਨ, 17 ਅਪਰੈਲ (ਪੋਸਟ ਬਿਊਰੋ) : ਐਤਵਾਰ ਤੜ੍ਹਕੇ ਸਾਊਥ ਕੈਰੋਲੀਨਾ ਦੇ ਨਾਈਟਕਲੱਬ ਵਿੱਚ ਗੋਲੀਆਂ ਚੱਲਣ ਕਾਰਨ ਨੌਂ ਵਿਅਕਤੀ ਜ਼ਖ਼ਮੀ ਹੋ ਗਏ। ਸਟੇਟ ਵਿੱਚ ਇਹ ਸੂਟਿੰਗ ਦੀ ਦੂਜੀ ਘਟਨਾ ਸੀ ਜਦਕਿ ਦੇਸ਼ ਵਿੱਚ ਈਸਟਰ ਹਾਲੀਡੇਅ ਵੀਕੈਂਡ ਦੌਰਾਨ ਇਹ ਸੂਟਿੰਗ ਦੀ ਤੀਜੀ ਘਟਨਾ ਸੀ। ਅਧਿਕਾਰੀਆਂ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਸਾਊਥ ਕੈਰੋਲੀਨਾ ਤੇ ਪਿਟਸ-ਬਰਗ ਵਿੱਚ ਸੂਟਿੰਗ ਦੀਆਂ ਵਾਪਰੀਆਂ ਵਾਰਦਾਤਾਂ ਵਿੱਚ ਦੋ ਨਾਬਾਲਗਾਂ ਦੀ ਮੌਤ ਹੋ ਗਈ ਜਦਕਿ 31 ਹੋਰ ਵਿਅਕਤੀ ਜ਼ਖ਼ਮੀ ਹੋ ਗਏ। ਸੂਟਿੰਗ ਦੀ ਜਾਂਚ ਕਰ ਰਹੀ ਸਾਊਥ ਕੈਰੋਲੀਨਾ ਸਟੇਟ ਲਾਅ ਐਨਫੋਰਸਮੈਂਟ

...ਬਾਕੀ ਪੰਨਾ 6 'ਤੇ

## ਛੁਰੇਬਾਜ਼ੀ ਵਿੱਚ ਇੱਕ ਗੰਭੀਰ ਜ਼ਖ਼ਮੀ



ਨੌਰਥ ਯੌਰਕ, 17 ਅਪਰੈਲ (ਪੋਸਟ ਬਿਊਰੋ) : ਨੌਰਥ ਯੌਰਕ ਸਟਰੀਟ ਉੱਤੇ ਛੁਰੇਬਾਜ਼ੀ ਦਾ ਸ਼ਿਕਾਰ ਹੋਇਆ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਛੁਰੇਬਾਜ਼ੀ ਦੀ ਘਟਨਾ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਯੰਗ ਸਟਰੀਟ ਤੇ ਕਮਰ ਐਵਨਿਊ ਵਿੱਚ ਦੁਪਹਿਰੇ 3:00 ਵਜੇ ਸੱਦਿ ਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਨੇ ਇੱਕ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਪੈਰਾਮੈਡਿਕਸ ਨੇ ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਟਰੌਮਾ ਸੈਂਟਰ ਦਾਖਲ ਕਰਵਾਇਆ।

ਉਸ ਦੀ ਹਾਲਤ ਕਾਫੀ ਨਾਜ਼ੁਕ ਸੀ ਪਰ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਤੇ ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਇਹ ਘਟਨਾ ਕਿਉਂ ਵਾਪਰੀ?


NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588
SAVE MAX GLOBAL REALTY

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor 416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
www.ufsinsurance.com
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL 416 938 4598

ਨਵਾਂ ਘਾਹ ਲਵਾਓ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com



# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER




chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਟੋਰਾਂਟੋ ਨੇ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ 21 ਤੋਂ ਨੋਵਾਵੈਕਸ ਵੈਕਸੀਨ ਦੇਣ ਦੀ ਕੀਤੀ ਪੇਸ਼ਕਸ਼

ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਦਾ ਕਹਿਣਾ ਹੈ ਕਿ ਉਹ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ 21 ਅਪਰੈਲ ਤੋਂ ਮੈਟਰੋ ਟੋਰਾਂਟੋ ਕਨਵੈਨਸ਼ਨ ਸੈਂਟਰ ਉੱਤੇ ਬਣਾਏ ਗਏ ਵੈਕਸੀਨੇਸ਼ਨ ਕਲੀਨਿਕ ਉੱਤੇ ਨੋਵਾਵੈਕਸ ਵੈਕਸੀਨ ਦੇਣੀ ਸ਼ੁਰੂ ਕਰੇਗੀ।




ਇਸ ਵੈਕਸੀਨ ਨੂੰ ਟੋਰਾਂਟੋ ਪਬਲਿਕ ਹੈਲਥ ਦੀ ਵੈੱਬਸਾਈਟ ਉੱਤੇ ਬੁੱਕ ਕੀਤਾ ਜਾ ਸਕਦਾ ਹੈ ਤੇ ਜਾਂ ਫਿਰ ਡਾਕਟਰ ਦੇ ਰੈਫਰਲ ਰਾਹੀਂ ਲਾਇਆ ਜਾ ਸਕਦਾ ਹੈ। ਜਿਹੜੇ ਲੋਕ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਹਨ, ਉਸ ਸੂਰਤ ਵਿੱਚ ਨੋਵਾਵੈਕਸ ਵੈਕਸੀਨ ਲੁਆ ਸਕਦੇ ਹਨ ਜੇ ਉਨ੍ਹਾਂ ਨੂੰ ਕੋਈ ਐਲਰਜੀ ਜਾਂ ਐਮਆਰਐਨਏ ਵੈਕਸੀਨ ਤੋਂ ਕੋਈ ਦਿੱਕਤ ਹੈ।

ਵੀਰਵਾਰ ਨੂੰ ਇੱਕ ਨਿਊਜ਼ ਰਲੀਜ਼ ਵਿੱਚ ਸਿਟੀ ਆਫ ਟੋਰਾਂਟੋ ਵੱਲੋਂ ਆਖਿਆ ਗਿਆ ਕਿ ਇਹ ਵੈਕਸੀਨ ਉਹ ਲੋਕ ਵੀ ਲੁਆ ਸਕਣਗੇ ਜਿਨ੍ਹਾਂ ਨੇ ਕਿਸੇ ਕਾਰਨ ਐਮਆਰਐਨਏ ਵੈਕਸੀਨ ਨਾ ਲਵਾਉਣ ਦਾ ਫੈਸਲਾ ਕੀਤਾ ਹੋਵੇਗਾ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਵੈਕਸੀਨ ਪ੍ਰੋਟੀਨ ਸਬਯੂਨਿਟ ਵੈਕਸੀਨ ਹੈ ਜਿਹੜੀ ਪ੍ਰੋਟੀਨ ਦੇ ਨਿੱਕੇ ਟੁਕੜਿਆਂ ਦੀ ਵਰਤੋਂ ਕਰਕੇ ਸਾਡੇ ਇਮਿਊਨ ਸਿਸਟਮ ਨੂੰ ਅਜਿਹੀਆਂ ਐਂਟੀਬਾਡੀਜ਼ ਬਣਾਉਣਾ ਸਿਖਾਉਂਦੀ ਹੈ ਜਿਹੜੀਆਂ ਕੋਵਿਡ-19 ਦੀ ਪਛਾਣ ਕਰਕੇ ਉਸ ਨਾਲ ਲੜ ਸਕਣ। ਇਹ ਇਨਫਲੂਐਂਜ਼ਾ ਦੀਆਂ ਹੋਰਨਾਂ ਵੈਕਸੀਨਜ਼ ਵਾਂਗ ਹੀ ਕੰਮ ਕਰਦੀ ਹੈ।

ਨੋਵਾਵੈਕਸ ਵੈਕਸੀਨ ਨੂੰ ਹੈਲਥ ਕੈਨੇਡਾ ਵੱਲੋਂ ਫਰਵਰੀ 2022 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਬਿਹਤਰ ਨਤੀਜਿਆਂ ਲਈ ਇਸ ਦੀਆਂ ਦੋ ਡੋਜ਼ਾਂ ਅੱਠ ਹਫਤਿਆਂ ਦੇ ਫਰਕ ਨਾਲ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ।

# ਇੱਕ ਘਰ ਵਿੱਚੋਂ 280 ਕਿੱਲੋ ਡਰੱਗਜ਼ ਬਰਾਮਦ, ਮਸ਼ਕੂਕ ਕਾਬੂ

ਟੋਰਾਂਟੋ, 17 ਅਪਰੈਲ (ਪੋਸਟ ਬਿਊਰੋ) : ਇੱਕ ਘਰ ਵਿੱਚੋਂ 280 ਕਿੱਲੋ ਡਰੱਗਜ਼ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਨੇ ਇੱਕ 29 ਸਾਲਾ ਵਿਅਕਤੀ ਨੂੰ ਚਾਰਜ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਪ੍ਰੋਵਿੰਸ ਦੇ ਇਤਿਹਾਸ ਵਿੱਚ ਸੱਭ ਤੋਂ ਵੱਡੀ ਮਾਤਰਾ ਵਿੱਚ ਫੜ੍ਹੇ ਗਏ ਡਰੱਗਜ਼ ਦੀ ਖੇਪ ਹੈ। ਵੀਰਵਾਰ ਨੂੰ ਕੀਤੀ ਗਈ ਇੱਕ ਨਿਊਜ਼ ਕਾਨਫਰੰਸ ਵਿੱਚ ਸਟਾਫ ਸੁਪਰਡੈਂਟ ਲੋਰੇਨ ਪੋਗ ਨੇ ਆਖਿਆ ਹਾਲਾਂਕਿ ਇਸ ਤੋਂ ਪਹਿਲਾਂ ਵੀ ਵੱਡੀ ਮਾਤਰਾ ਵਿੱਚ ਨਸ਼ੇ ਫੜ੍ਹੇ ਜਾ ਚੁੱਕੇ ਹਨ ਪਰ ਉਹ ਕਈ ਮਹੀਨਿਆਂ ਦੇ ਵਕਫੇ ਨਾਲ ਫੜ੍ਹੇ ਜਾਂਦੇ ਰਹੇ ਹਨ। ਪਰ ਇੱਕ ਵਿਅਕਤੀ ਤੋਂ ਇੱਕ ਦਿਨ ਵਿੱਚ ਐਨੀ ਵੱਡੀ ਮਾਤਰਾ ਵਿੱਚ ਨਸ਼ਾ ਪਹਿਲੀ ਵਾਰੀ ਫੜ੍ਹਿਆ ਗਿਆ ਹੈ।

ਉਨ੍ਹਾਂ ਦੇ ਸਾਹਮਣੇ ਜਾਂਚਕਾਰਾਂ ਵੱਲੋਂ 189 ਕਿੱਲੋ ਕੋਕੀਨ, 97 ਕਿੱਲੋ ਕ੍ਰਿਸਟਲ ਮੈਥਾਮਫੈਟਾਮਾਈਨ, ਜਿਸ ਦੀ ਕੁੱਲ ਕੀਮਤ 28 ਮਿਲੀਅਨ ਡਾਲਰ ਹੋਣ ਦੀ ਸੰਭਾਵਨਾ ਹੈ, ਰੱਖੀ ਪਈ ਸੀ। ਪੋਗ ਅਨੁਸਾਰ ਬੀਤੇ ਦਿਨੀਂ ਟੋਰਾਂਟੋ ਪੁਲਿਸ ਦੀ ਡਰੱਗ ਸਕੁਐਡ ਦੇ ਮੈਂਬਰਾਂ ਵੱਲੋਂ ਯੰਗ ਸਟਰੀਟ ਤੇ ਦ ਐਸਪਲਨੇਡ ਨੇੜੇ ਜਾਂਚ ਕੀਤੀ ਜਾ ਰਹੀ ਸੀ। ਇਸ ਦੌਰਾਨ ਇੱਕ 29 ਸਾਲਾ ਮਸ਼ਕੂਕ ਨੂੰ ਅੰਡਰਗ੍ਰਾਊਂਡ ਪਾਰਕਿੰਗ ਲੌਟ ਵਿੱਚ ਰੋਕਿਆ ਗਿਆ, ਉਸ ਕੋਲੋਂ 50 ਕਿੱਲੋ ਕੋਕੀਨ ਪਾਊਡਰ ਮਿਲਿਆ। ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।



ਵਾਰੰਟ ਹਾਸਲ ਕਰਨ ਤੋਂ ਬਾਅਦ ਜਾਂਚਕਾਰਾਂ ਨੇ ਮਸ਼ਕੂਕ ਨਾਲ ਸਬੰਧਤ ਇੱਕ ਕੌਂਡੋ ਯੂਨਿਟ ਦੀ ਤਲਾਸ਼ੀ ਲਈ ਜਿੱਥੇ ਉਨ੍ਹਾਂ ਨੂੰ ਵੱਡੀ ਮਾਤਰਾ ਵਿੱਚ ਕੋਕੀਨ ਤੇ ਕ੍ਰਿਸਟਲ ਮੈਥਾਮਫੈਟਾਮਾਈਨ ਬਰਾਮਦ ਹੋਈ। ਇੰਸਪੈਕਟਰ ਮਨਦੀਪ ਮਾਨ ਨੇ ਆਖਿਆ ਕਿ ਪੁਲਿਸ ਦਾ ਮੰਨਣਾ ਹੈ ਕਿ ਇਸ ਘਰ ਨੂੰ ਨਸ਼ੇ ਲੁਕਾਉਣ ਲਈ ਹੀ ਵਰਤਿਆ ਜਾ ਰਿਹਾ ਸੀ। ਇਨ੍ਹਾਂ ਨਸ਼ਿਆਂ ਤੋਂ ਬਿਨਾ ਮਸ਼ਕੂਕ ਦੇ ਘਰ ਤੋਂ 50,000 ਡਾਲਰ ਵੀ ਬਰਾਮਦ ਹੋਏ। ਉਸ ਦੀ ਗੱਡੀ ਵਿੱਚ ਇੱਕ ਟਰੈਪ ਵੀ ਬਣਾਇਆ ਹੋਇਆ ਸੀ, ਪੁਲਿਸ ਮੁਤਾਬਕ ਉਸ ਵਿੱਚ ਨਸ਼ੇ ਤੇ ਹਥਿਆਰ ਸਪਲਾਈ ਕੀਤੇ ਜਾਂਦੇ ਹੋਣਗੇ।

ਮਾਨ ਨੇ ਆਖਿਆ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਉਹ ਇੱਕਲਿਆਂ ਕੰਮ ਕਰ ਰਿਹਾ ਹੋਵੇਗਾ। ਪਰ ਇਸ ਸਮੇਂ ਉਨ੍ਹਾਂ ਕੋਲ ਉਸ ਦੇ ਸਾਥੀਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮਸ਼ਕੂਕ ਦੀ ਪਛਾਣ ਪੁਲਿਸ ਵੱਲੋਂ ਦੇਵਾਂਤ ਮੂਰਜ਼ ਵਜੋਂ ਕੀਤੀ ਗਈ ਹੈ।

# ਕੈਨੇਡਾ ਨੇ ਐਸਟ੍ਰਾਜ਼ੈਨੇਕਾ ਦੀ ਥੈਰੇਪੀ ਐਵੂਸ਼ੀਲਡ ਨੂੰ ਦਿੱਤੀ ਮਨਜ਼ੂਰੀ

ਓਟਵਾ, 17 ਅਪਰੈਲ (ਪੋਸਟ ਬਿਊਰੋ) : ਕੈਨੇਡਾ ਵੱਲੋਂ ਵੀਰਵਾਰ ਨੂੰ ਬ੍ਰਿਟਿਸ਼ ਡਰੱਗ ਨਿਰਮਾਤਾ ਐਸਟ੍ਰਾਜ਼ੈਨੇਕਾ ਦੀ ਐਂਟੀਬਾਡੀ ਆਧਾਰਤ ਥੈਰੇਪੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਕੋਵਿਡ-19 ਖਿਲਾਫ ਸਰਕਾਰ ਨੂੰ ਹੁਣ ਇੱਕ ਹੋਰ ਹਥਿਆਰ ਮਿਲ ਗਿਆ ਹੈ।




ਹੈਲਥ ਕੈਨੇਡਾ ਵੱਲੋਂ ਐਵੂਸ਼ੀਲਡ ਨੂੰ 12 ਸਾਲ ਤੇ ਇਸ ਤੋਂ ਵੱਡੀ ਉਮਰ ਦੇ ਉਨ੍ਹਾਂ ਵਿਅਕਤੀਆਂ ਲਈ ਮਨਜ਼ੂਰੀ ਦਿੱਤੀ ਗਈ ਜਿਹੜੇ ਇਮਿਊਨ ਕੰਪਰੋਮਾਈਜ਼ਡ ਹਨ। ਇਹ ਉਨ੍ਹਾਂ ਲੋਕਾਂ ਨੂੰ ਵੀ ਲਾਈ ਜਾ ਸਕੇਗੀ ਜਿਨ੍ਹਾਂ ਦਾ ਕੋਵਿਡ-19 ਪ੍ਰਤੀ ਇਮਿਊਨ ਰਿਸਪਾਂਸ ਢੁਕਵਾਂ ਨਹੀਂ ਜਾਂ ਫਿਰ ਜਿਨ੍ਹਾਂ ਨੂੰ ਕੋਵਿਡ-19 ਵੈਕਸੀਨੇਸ਼ਨ ਦੀ ਸਿਫਾਰਿਸ਼ ਨਹੀਂ ਕੀਤੀ ਗਈ।

ਐਵੂਸ਼ੀਲਡ ਵਿੱਚ ਲੈਬ ਵਿੱਚ ਤਿਆਰ ਐਂਟੀਬਾਡੀਜ਼ ਮੌਜੂਦ ਰਹਿੰਦੀਆਂ ਹਨ ਜਿਹੜੀਆਂ ਕਈ ਮਹੀਨਿਆਂ ਲਈ ਸ਼ਰੀਰ ਵਿੱਚ ਪਈਆਂ ਰਹਿੰਦੀਆਂ ਹਨ ਤੇ ਵਾਇਰਸ ਹੋਣ ਦੀ ਸੂਰਤ ਵਿੱਚ ਸ਼ਰੀਰ ਨੂੰ ਬਚਾਉਂਦੀਆਂ ਹਨ। ਇਸ ਥੈਰੇਪੀ ਨੂੰ ਅਮਰੀਕਾ ਵਿੱਚ ਪਹਿਲਾਂ ਹੀ ਮਾਨਤਾ ਦਿੱਤੀ ਜਾ ਚੁੱਕੀ ਹੈ ਤੇ ਯੂਰਪੀਅਨ ਮੈਡੀਸਿਨਜ਼ ਏਜੰਸੀ ਵੱਲੋਂ ਵੀ ਇਸ ਦੀ ਵਰਤੋਂ ਦੀ ਸਿਫਾਰਿਸ਼ ਕੀਤੀ ਗਈ ਹੈ।

# ਈਸਟਰ ਵੀਕੈਂਡ ਉੱਤੇ ਅਮਰੀਕਾ ਵਿੱਚ 3 ਥਾਂਵਾਂ ਉੱਤੇ ਚੱਲੀਆਂ ਗੋਲੀਆਂ, 2 ਹਲਾਕ

ਪੰਨਾ 1 ਦਾ ਬਾਕੀ

ਡਵੀਜ਼ਨ ਵੱਲੋਂ ਭੇਜੀ ਗਈ ਈ ਮੇਲ ਅਨੁਸਾਰ ਚਾਰਲਸਟਨ ਤੋਂ 130 ਕਿਲੋਮੀਟਰ ਪੱਛਮ ਵੱਲ ਹੈਂਪਟਨ ਕਾਊਂਟੀ ਵਿੱਚ ਕਾਰਾਜ਼ ਲਾਊਂਜ ਵਿੱਚ ਵਾਪਰੀ ਹਿੰਸਕ ਘਟਨਾ ਵਿੱਚ ਕਿਸੇ ਦੇ ਮਾਰੇ ਜਾਣ ਦੀ ਖਬਰ ਨਹੀਂ ਹੈ।

ਪਿਟਸਬਰਗ ਵਿੱਚ ਇੱਕ ਸ਼ਾਰਟ ਟਰਮ ਰੈਂਟਲ ਪ੍ਰਾਪਰਟੀ ਵਿੱਚ ਚੱਲ ਰਹੀ ਪਾਰਟੀ ਦੌਰਾਨ ਗੋਲੀਆਂ ਚੱਲਣ ਕਾਰਨ ਦੋ ਲੜਕਿਆਂ ਦੀ ਮੌਤ ਹੋ ਗਈ ਜਦਕਿ ਅੱਠ ਵਿਅਕਤੀ ਹੋਰ ਜ਼ਖ਼ਮੀ ਹੋ ਗਏ।

ਇਸ ਪਾਰਟੀ ਵਿੱਚ ਹਿੱਸਾ ਲੈ ਰਹੇ ਸੈਂਕੜੇ ਲੋਕਾਂ ਵਿੱਚੋਂ ਬਹੁਤੇ ਨਾਬਾਲਗ ਸਨ। ਇਹ ਜਾਣਕਾਰੀ ਸਿਟੀ ਦੇ ਪੁਲਿਸ ਚੀਫ ਸਕੌਟ ਸੂਬਰਟ ਨੇ ਦਿੱਤੀ। ਜਾਂਚਕਾਰਾਂ ਦਾ ਮੰਨਣਾ ਹੈ ਕਿ ਇਸ ਪਾਰਟੀ ਵਿੱਚ ਕਈ ਵਿਅਕਤੀਆਂ ਵੱਲੋਂ ਗੋਲੀ ਚਲਾਈ ਗਈ। ਸੂਬਰਟ ਨੇ ਦੱਸਿਆ ਕਿ ਇਸ ਰੈਂਟਲ ਹੋਮ ਦੇ ਆਲੇ ਦੁਆਲੇ ਵਾਲੇ ਕੁੱਝ ਬਲਾਕਸ ਵਿੱਚ ਅੱਠ ਵੱਖ ਵੱਖ ਥਾਂਵਾਂ ਉੱਤੇ ਗੋਲੀ ਚੱਲੀ ਤੇ ਪੁਲਿਸ ਸਬੂਤ ਇੱਕਠੇ ਕਰ ਰਹੀ ਹੈ।

ਇਹ ਸ਼ੂਟਿੰਗ ਦੀਆਂ ਦੋਵੇਂ ਘਟਨਾਵਾਂ ਕੋਲੰਬੀਆ ਵਿੱਚ ਸਾਊਥ ਕੈਰੋਲੀਨਾ ਵਿੱਚ ਭੀੜ ਭਾੜ ਵਾਲੇ ਮਾਲ ਵਿੱਚ ਚੱਲੀ ਗੋਲੀ ਤੋਂ ਇੱਕ ਦਿਨ ਬਾਅਦ ਵਾਪਰੀਆਂ। ਨਾਈਟ ਕਲੱਬ ਵਿੱਚ ਚੱਲੀ ਗੋਲੀ ਵਿੱਚ ਨੌਂ ਵਿਅਕਤੀਆਂ ਨੂੰ ਗੋਲੀ ਲੱਗੀ ਤੇ ਪੰਜ ਹੋਰ ਕਲੱਬ ਵਿੱਚੋਂ ਬਾਹਰ ਨਿਕਲਣ ਲਈ ਕੀਤੀ ਗਈ ਜੱਦੋ ਜਹਿਦ ਵਿੱਚ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਕੋਲੰਬੀਆ ਪੁਲਿਸ ਚੀਫ ਡਬਲਿਊ·ਐਚ ਸਕਿੱਪ ਹੌਲਬਰੁੱਕ ਨੇ ਦਿੱਤੀ। ਜ਼ਖ਼ਮੀ ਹੋਣ ਵਾਲਿਆਂ ਵਿੱਚ 15 ਸਾਲ ਤੋਂ ਲੈ ਕੇ 73 ਸਾਲ ਦੇ ਲੋਕ ਸ਼ਾਮਲ ਹਨ।




# ਮਸਜਿਦ ਦੇ ਬਾਹਰ ਚੱਲੀ ਗੋਲੀ ਵਿੱਚ ਪੰਜ ਜ਼ਖ਼ਮੀ



ਪੰਨਾ 1 ਦਾ ਬਾਕੀ

ਪੁਲਿਸ ਨੇ ਦੱਸਿਆ ਕਿ ਜ਼ਖ਼ਮੀਆਂ ਦੀ ਉਮਰ 28 ਤੋਂ 35 ਸਾਲ ਦਰਮਿਆਨ ਹੈ ਤੇ ਕਈ ਵਿਆਹੇ ਹੋਏ ਹਨ ਤੇ ਉਨ੍ਹਾਂ ਦੇ ਬੱਚੇ ਵੀ ਹਨ। ਰਿਡਜ਼ਿਕ ਨੇ ਦੱਸਿਆ ਕਿ ਪੰਜਾਂ ਵਿੱਚੋਂ ਤਿੰਨ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਤੇ ਦੋ ਹੋਰਨਾਂ ਦੇ ਜਲਦ ਹੀ ਸਿਹਤਯਾਬ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਉੱਤੇ ਛੇ ਗੋਲੀਆਂ ਚਲਾਈਆਂ ਗਈਆਂ ਪਰ ਇਹ ਸਾਹਮਣੇ ਨਹੀਂ ਆ ਸਕਿਆ ਕਿ ਮਸ਼ਕੂਕ ਕਿੰਨੇ ਸਨ। ਪੁਲਿਸ ਵੱਲੋਂ ਦਿੱਤੀ ਗਈ ਸ਼ੁਰੂਆਤੀ ਜਾਣਕਾਰੀ ਅਨੁਸਾਰ ਮਸ਼ਕੂਕ ਨੀਲੇ ਰੰਗ ਦੀ ਕਾਰ ਵਿੱਚ ਫਰਾਰ ਹੋ ਗਏ।















## ਅੱਜ ਨਾਮਾ

ਫਿਰਕੂ ਹਿੰਸਾ ਕੁਝ ਦਿੱਲੀ ਵਿੱਚ ਫੇਰ ਹੋਈ,
ਖੁਦ ਸੀ ਭੜਕੀ ਜਾਂ ਕਿਸੇ ਭੜਕਾਈ ਬੇਲੀ।
ਧਾਰਮਿਕ ਯਾਤਰਾ ਉੱਤੇ ਗਏ ਵੱਜ ਪੱਥਰ,
ਚਿੰਗਾੜੀ ਕਿਸੇ ਕੁਝ ਸੋਚ ਕੇ ਲਾਈ ਬੇਲੀ।
ਕਰਦੀ ਘਟਨਾ ਦੀ ਜਾਂਚ ਆ ਪੁਲਸ ਭਾਵੇਂ,
ਵੇਂਹਦੀ ਸਾਜ਼ਿਸ਼ ਦੀ ਨਹੀਂ ਡੂੰਘਾਈ ਬੇਲੀ।
ਕਾਰਵਾਈ ਜਿਹੀ ਜਾਂਦੀ ਬੱਸ ਪਾਈ ਬੇਲੀ,
ਧੁਖਦੀ ਦੇਂਦੀ ਉਹ ਰਹਿਣ ਲੜਾਈ ਬੇਲੀ।
ਭੜਕਦੀ ਅੱਗ ਤੇ ਚਾਰ ਦਿਨ ਕੇਸ ਬਣਦੇ,
ਮਸਾਂ ਕੁਝ ਹੁੰਦਾ ਜਦ ਸ਼ਾਂਤ ਸਮਾਜ ਬੇਲੀ।
ਲਾਉਂਦੇ ਜਿਹੜੇ ਚੁਆਤੀ ਆ ਫੇਰ ਇਹਨੂੰ,
ਖੁੱਲ੍ਹਦਾ ਉਨ੍ਹਾਂ ਦਾ ਕਦੀ ਨਹੀਂ ਪਾਜ ਬੇਲੀ।

**ਤੀਸ ਮਾਰ ਖਾਂ**

# ਭਗਵੰਤ ਮਾਨ ਨਾਲ ਪਹਿਲੀ ਵਾਰ ਮੀਟਿੰਗ ਵਿੱਚ ਕਿਸਾਨ ਆਗੂਆਂ ਵੱਲੋਂ ਸੱਤ ਵੱਡੀਆਂ ਮੰਗਾਂ ਉੱਤੇ ਜ਼ੋਰ

ਚੰਡੀਗੜ੍ਹ, 17 ਅਪਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰਵੇਖਦੇ ਹੋਏ ਝੋਨੇ ਦੀ ਬਿਜਾਈ ਦੌਰਾਨ ਬਿਜਲੀ ਦੀ ਮੰਗ ਸਿਖਰਾਂ ਉੱਤੇ ਆਉਣ ਦੀ ਸੰਭਾਵਨਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀਅਤੇ ਝੋਨੇ ਦੀ ਸਿੱਧੀ ਬਿਜਾਈ (ਡੀਆਰਐੱਸ) ਦਾ ਸੱਦਾ ਦੇਂਦੇ ਵਕਤ ਅਫਸਰਾਂ ਨੂੰ ਝੋਨੇ ਦੇ ਅਗਲੇ ਸੀਜ਼ਨ ਮੌਕੇ ਪਾਣੀ ਤੇ ਬਿਜਲੀ ਦੀ ਬੱਚਤ ਲਈ ਕਿਸਾਨਾਂ ਨੂੰ ਡੀਆਰਐੱਸ ਤਕਨੀਕਾਂ ਵਰਤਣਨੂੰਪ੍ਰੇਰਨ ਵਾਸਤੇ ਪਿੰਡਾਂ ਦੇ ਦੌਰੇ ਕਰਨ ਨੂੰ ਕਿਹਾ। ਮੀਟਿੰਗ ਵਿੱਚਮੁੱਖ ਮੰਤਰੀ ਨੇ ਕਿਹਾ ਕਿ ਝੋਨੇ ਦੀ ਸਿੱਧੀ ਲੁਆਈ ਵਾਤਾਵਰਨ ਪੱਖੀ ਤੇ ਆਰਥਿਕ ਪੱਖੋਂ ਚੰਗੀ ਹੈ, ਕਿਉਂਕਿ ਇਸ ਨਾਲ ਨਾ ਸਿਰਫ ਧਰਤੀ ਹੇਠਲੇ ਪਾਣੀ ਦੀ 20 ਫੀਸਦੀ ਤੱਕ ਬਚਤ ਹੁੰਦੀ ਹੈ, ਸਗੋਂ 10 ਤੋਂ 15 ਫੀਸਦੀ ਤੱਕ ਪਾਣੀ ਰੀਚਾਰਜ ਵੀ ਹੁੰਦਾ ਅਤੇ ਲੇਬਰ ਦੀ ਲਾਗਤ ਵੀਕਰੀਬ3000 ਰੁਪਏ ਪ੍ਰਤੀ ਏਕੜ ਘਟਦੀ ਮੰਨੀ ਜਾਂਦੀ ਹੈ।



ਅੱਜ ਇਸ ਮੀਟਿੰਗ ਵਿੱਚਸੰਯੁਕਤ ਕਿਸਾਨ ਮੋਰਚਾ ਦੇ ਕੋਆਰਡੀਨੇਟਰ ਡਾ: ਦਰਸ਼ਨ ਪਾਲ ਦੀ ਅਗਵਾਈ ਹੇਠ ਪੰਜਾਬ ਭਵਨ ਵਿਖੇ 23 ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧ ਸ਼ਾਮਲ ਹੋਏ।ਇਸ ਦਾ ਉਦੇਸ਼ ਕਿਸਾਨ ਆਗੂਆਂ ਨੂੰ ਸਿੱਧੀ ਬਿਜਾਈ ਲਈ ਉਤਸ਼ਾਹਿਤ ਕਰਨਾ ਸੀ।ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿਕਿਸਾਨ ਸਿੱਧੀ ਬਿਜਾਈ ਕਰਨ ਤਾਂ ਇਸ ਨਾਲ ਬਿਜਾਈ ਸੀਜ਼ਨ ਮੌਕੇ ਬਿਜਲੀ ਦਾ ਪੀਕ ਲੋਡ ਘਟਾਉਣ ਵਿੱਚ ਮਦਦ ਮਿਲੇਗੀ।ਮੁੱਖ ਮੰਤਰੀ ਨੇ ਪੰਜਾਬ ਪਾਵਰਕਾਮ (ਪੀਐੱਸਪੀਸੀਐੱਲ) ਦੇ ਅਫਸਰਾਂ ਨੂੰ ਇਲਾਕਾ-ਵਾਰ ਮੰਗ ਅਨੁਸਾਰ ਬਰਾਬਰ ਬਿਜਲੀ ਸਪਲਾਈ ਯਕੀਨੀ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਪੰਜਾਬ ਨੂੰ ਚਾਰ ਜ਼ੋਨਾਂ ਵਿੱਚ ਵੰਡਿਆ ਜਾ ਸਕੇ।

23 ਕਿਸਾਨ ਜਥੇਬੰਦੀਆਂ ਨਾਲ ਮੀਟਿੰਗ ਹੋਣ ਤੋਂ ਪਹਿਲਾਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਉਗਰਾਹਾਂ ਦੀ ਅਗਵਾਈ ਹੇਠਲੇ ਵਫ਼ਦ ਨੇ ਮੁੱਖ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ ਉੱਤੇਵੱਖਰੀ ਬੈਠਕ ਕੀਤੀ ਅਤੇ ਡੀਆਰਐੱਸ ਬਾਰੇਮੁੱਖ ਮੰਤਰੀ ਨਾਲ ਵਿਚਾਰ ਸਾਂਝੇ ਕੀਤੇ।ਮੁੱਖ ਮੰਤਰੀ ਨੇ ਜ਼ੋਰ ਦਿੱਤਾ ਕਿ ਸਿੱਧੀ ਬਿਜਾਈ ਨਾਲ ਨਾ ਸਿਰਫ ਜ਼ਮੀਨੀ ਪਾਣੀ ਦੀ 20 ਫੀਸਦੀ ਤੱਕ ਬੱਚਤ ਹੋਵੇਗੀ, ਸਗੋਂ 3000 ਰੁਪਏ ਲਾਗਤ ਬਚੇਗੀ।ਮੁੱਖ ਮੰਤਰੀ ਨੇ ਕਿਸਾਨਾਂ ਨੂੰ ਗੰਨਾ, ਮੱਕੀ, ਦਾਲਾਂ ਤੇ ਤੇਲ ਬੀਜਾਂ ਵਰਗੀਆਂ ਬਦਲਵੀਆਂ ਫ਼ਸਲਾਂ ਦੀ ਬਿਜਾਈ ਕਰਕੇ ਖੇਤੀ ਵਿਭਿੰਨਤਾ ਨੂੰ ਚੁਣਨ ਲਈ ਵੀ ਕਿਹਾ।ਉਨ੍ਹਾ ਨੇ ਭਰੋਸਾ ਦਿੱਤਾ ਕਿ ਰਾਜ ਸਰਕਾਰ ਮਾਰਕਫੈੱਡ ਵਰਗੀਆਂ ਏਜੰਸੀਆਂ ਨੂੰ ਕੇਂਦਰ ਦੇ ਨਾਲ ਜੋੜ ਕੇ ਛੇਤੀ ਹੀ ਇਨ੍ਹਾਂ ਫਸਲਾਂ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੇਣ ਦਾ ਮੁੱਦਾ ਉਠਾਏਗੀ, ਤਾਂ ਜੋ ਇਨ੍ਹਾਂ ਦੀ ਖਰੀਦ ਵੀ ਯੋਗ ਮੁੱਲ ਉੱਤੇ ਕੀਤੀ ਜਾ ਸਕੇ।

ਦੂਸਰੇ ਪਾਸੇ ਅੱਜ ਦੀ 23 ਜਥੇਬੰਦੀਆਂ ਵਾਲੀ ਮੀਟਿੰਗ ਮਗਰੋਂਕਿਸਾਨ ਆਗੂ ਡਾ: ਦਰਸ਼ਨ ਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਕਈ ਮੰਗਾਂ ਮੁੱਖ ਮੰਤਰੀ ਅੱਗੇ ਰੱਖੀਆਂ ਹਨ ਤੇਮੁੱਖ ਮੰਤਰੀ ਨੇ ਮੱਕੀ ਦੀ ਫਸਲ ਐੱਮ ਐੱਸ ਪੀ ਉੱਤੇ ਖਰੀਦਣ ਤੇ ਬਾਸਮਤੀ ਉੱਤੇਐੱਮ ਐੱਸ ਪੀ ਤੈਅ ਕਰਵਾ ਕੇ ਖਰੀਦ ਦਾ ਵਾਅਦਾ ਕੀਤਾ ਹੈ।ਕਿਸਾਨ ਆਗੂਆਂ ਦੀਆਂ ਮੰਗਾਂ ਵਿੱਚੋਂ ਮੁੱਖ ਸੱਤ ਮੰਗਾਂ ਵਿੱਚ ਪਹਿਲੀ ਇਹ ਸੀ ਕਿ ਕਣਕ ਦਾ ਝਾੜ ਘਟਣ ਕਾਰਨ 500 ਰੁਪਏ ਕੁਇੰਟਲ ਮੁਆਵਜ਼ਾ ਮਿਲਣਾ ਚਾਹੀਦਾ ਹੈ। ਦੂਸਰਾ ਗੜੇਮਾਰੀ ਤੇ ਹੋਰ ਕੁਦਰਤੀ ਆਫ਼ਤਾਂ ਨਾਲ ਤਬਾਹ ਹੋਈ ਝੋਨੇ ਤੇ ਕਪਾਹ ਦੀ ਫ਼ਸਲ ਦਾ ਮੁਆਵਜ਼ਾ ਮੰਗਿਆ ਗਿਆ ਤੇ ਤੀਸਰੀ ਮੰਗ ਵਿੱਚ ਪੰਜਾਬ ਦੀਆਂ ਸੜਕਾਂ ਉੱਤੇਕਿਸਾਨਾਂ ਨੂੰ ਟੋਲ ਫਰੀ ਦੀ ਮੰਗ ਚੁੱਕੀ ਗਈ। ਇਸ ਦੇ ਨਾਲ ਕਿਸਾਨ ਅੰਦੋਲਨ ਵੇਲੇਦਰਜ ਕੇਸ ਰੱਦ ਕਰਨ, ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਵਾਰਸਾਂ ਨੂੰ ਮੁਆਵਜ਼ਾ ਤੇ ਨੌਕਰੀਆਂ ਦੀ ਮੰਗ ਅਤੇਡੱਗਰੂ ਵਿਖੇ ਅਡਾਨੀ ਦੇ ਸੈਲੋ ਨੂੰ ਮਾਰਕੀਟ ਤੈਅ ਕਰਨ ਦਾ ਨੋਟੀਫਿਕੇਸ਼ਨ ਰੱਦ ਕਰਨ ਦੀ ਮੰਗ ਚੁੱਕੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਕਰਜ਼ਾ ਮੁਕਤੀ ਲਈ ਤੁਰੰਤ ਕਾਰਵਾਈ ਕਰਨ ਤੇ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਦੀ ਮੰਗ ਵੀ ਕੀਤੀ ਗਈ ਹੈ।

# ਪਾਕਿ ਦੇ ਹਵਾਈ ਹਮਲੇ ਪਿੱਛੋਂ ਤਾਲਿਬਾਨ ਵੱਲੋਂ ਚੇਤਾਵਨੀ, ਅਫ਼ਗਾਨ ਲੋਕਾਂ ਦਾ ਸਬਰ ਨਾ ਪਰਖੋ

ਕਾਬੁਲ, 17 ਅਪਰੈਲ (ਪੋਸਟ ਬਿਊਰੋ)- ਪਾਕਿਸਤਾਨ ਵੱਲੋਂ ਅਫ਼ਗਾਨਿਸਤਾਨ ਵਿੱਚ ਹਵਾਈ ਹਮਲੇ ਕੀਤੇ ਜਾਣ ਦੇ ਨਾਲ ਪਾਕਿਸਤਾਨ ਅਤੇ ਤਾਲਿਬਾਨ ਵਿਚਾਲੇ ਵਿਵਾਦ ਵਧ ਗਿਆ ਹੈ। ਤਾਲਿਬਾਨ ਨੇ ਪਾਕਿਸਤਾਨ ਨੂੰ ਅਫਗਾਨਿਸਤਾਨ ਦੇ ਖੋਸਤ ਤੇ ਕੁਨਾਰ ਰਾਜਾਂਵਿੱਚ ਬੀਤੇ ਦਿਨੀਂ ਕੀਤੇ ਹਮਲੇ ਦੇ ਗੰਭੀਰ ਸਿੱਟਿਆਂ ਦੀ ਚਿਤਾਵਨੀ ਦਿੱਤੀ ਹੈ।



ਵਰਨਣ ਯੋਗ ਹੈ ਕਿ ਪਾਕਿ-ਸਤਾਨ ਨੇ ਉੱਤਰੀ ਵਜ਼ੀਰਿਸਤਾਨ ਵਿੱਚ ਦੋ ਅੱਤਵਾਦੀ ਹਮਲਿਆਂ ਵਿੱਚ ਆਪਣੇ ਕੁਝ ਫੌਜੀਆਂ ਦੀ ਮੌਤ ਪਿੱਛੋਂ ਕੱਲ੍ਹ ਰਾਤ ਅਫਗਾਨਿਸਤਾਨ ਉੱਤੇ ਹਵਾਈ ਹਮਲਾ ਕੀਤਾ ਸੀ, ਜਿਸ ਵਿੱਚ 60 ਲੋਕ ਮਾਰੇ ਗਏ ਸਨ।ਇਸ ਪਿੱਛੋਂਇੱਕ ਬਿਆਨ ਵਿੱਚ ਅਫਗਾਨਿਸਤਾਨ ਸਰਕਾਰ ਦੇ ਸੂਚਨਾ ਅਤੇ ਸੱਭਿਆਚਾਰ ਬਾਰੇ ਉਪ ਮੰਤਰੀ ਅਤੇ ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਉੱਲ੍ਹਾ ਮੁਜਾਹਿਦ ਨੇ ਕਿਹਾ ਕਿ ਪਾਕਿਸਤਾਨ ਨੂੰ ਅਫ਼ਗਾਨਿਸਤਾਨੀ ਲੋਕਾਂ ਦਾ ਸਬਰ ਨਹੀਂ ਪਰਖਣਾ ਚਾਹੀਦਾ, ਵਰਨਾ ਗੰਭੀਰ ਸਿੱਟੇ ਭੁਗਤਣ ਦੇ ਲਈ ਤਿਆਰ ਰਹਿਣ। ਮੁਜਾਹਿਦ ਨੇ ਕਿਹਾ, 'ਅਸੀਂ ਡਿਪਲੋਮੈਟਿਕ ਚੈਨਲਾਂ ਤੇ ਗੱਲਬਾਤ ਨਾਲ ਮੁੱਦਾ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਇਨ੍ਹਾਂ ਕਾਰਵਾਈਆਂ ਨਾਲ ਪਾਕਿਸਤਾਨ ਤੇ ਅਫਗਾਨਿਸਤਾਨ ਵਿਚਾਲੇ ਤਣਾਅ ਪੈਦਾ ਹੋਵੇਗਾ, ਲੜਾਈ ਹੋਵੇਗੀ, ਜਿਸ ਦਾ ਕਿਸੇ ਨੂੰ ਫਾਇਦਾ ਨਹੀਂ ਹੋਵੇਗਾ।'

ਖਾਮਾ ਪ੍ਰੈੱਸ ਦੀ ਰਿਪੋਰਟ ਮੁਤਾ-ਬਕ ਜ਼ਬੀਉੱਲ੍ਹਾ ਮੁਜਾਹਿਦ ਨੇ ਨੇ ਖੋਸਤ ਅਤੇ ਕੁਨਾਰ ਰਾਜਾਂ ਉੱਤੇ ਪਾਕਿਸਤਾਨ ਦੇ ਤਾਜ਼ਾ ਹਵਾਈ ਹਮਲਿਆਂ ਦੀ ਸਖਤ ਨਿੰਦਾ ਕੀਤੀ ਅਤੇ ਕਿਹਾ ਕਿ ਅਫਗਾਨਿਸਤਾਨ ਨੇ ਸਾਬਤ ਕੀਤਾ ਹੈ ਕਿ ਅਮਰੀਕਾ ਨੂੰ ਹਰਾ ਕੇ ਉਹ ਆਪਣੇ ਦੇਸ਼ ਦੀ ਰਾਖੀ ਕਰ ਸਕਦੇ ਹਨ, ਇਸ ਲਈ ਪਾਕਿ-ਸਤਾਨ ਨੂੰ ਅਫਗਾਨਿਸਤਾਨ ਦੇ ਲੋਕਾਂ ਦਾ ਸਬਰ ਨਹੀਂ ਪਰਖਣਾ ਚਾਹੀਦਾ। ਤਾਲਿਬਾਨ ਨੇ ਪਿਛਲੇ ਸਾਲ ਅਗਸਤ ਅੱਧ ਵਿਚ ਅਫਗਾਨਿਸਤਾਨ ਉੱਤੇ ਕਬਜ਼ਾ ਕਰ ਲਿਆ ਤੇ ਅਮਰੀਕੀ ਫੌਜ ਨੇ ਓਥੇ ਆਪਣੀ 20 ਸਾਲਾਂ ਦੀ ਫੌਜੀ ਮੌਜੂਦਗੀ ਸਾਂਭ ਲਈ ਸੀ, ਜਿਸ ਨਾਲ ਅਮਰੀਕਾ ਦੀ ਸਭ ਤੋਂ ਲੰਬੀ ਜੰਗ ਦਾ ਮਾੜਾ ਅੰਤ ਹੋਇਆ ਸੀ। ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰਾਲੇ ਨੇ ਕਾਬੁਲ ਵਿੱਚ ਪਾਕਿਸਤਾਨ ਦੇ ਰਾਜਦੂਤ ਮਨਸੂਰ ਅਹਿਮਦ ਖਾਨ ਨੂੰ ਕੱਲ੍ਹ ਮੰਤਰਾਲੇ ਵਿੱਚ ਤਲਬ ਕੀਤਾ ਅਤੇ ਭਵਿੱਖ ਵਿੱਚ ਅਜਿਹੇ ਹਮਲੇ ਰੋਕਣ ਨੂੰ ਕਿਹਾ ਹੈ।

# ਦਿੱਲੀ ਦੀ ਫਿਰਕੂ ਹਿੰਸਾ ਦੇ ਮੁੱਖ ਸਾਜ਼ਿਸ਼ ਕਰਤਾ ਸਮੇਤ 22 ਗ੍ਰਿਫਤਾਰ

ਨਵੀਂ ਦਿੱਲੀ, 17 ਅਪਰੈਲ (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਜਹਾਂਗੀਰਪੁਰੀ ਵਿੱਚ ਹਨੂੰਮਾਨ ਜੈਅੰਤੀ ਮੌਕੇ ਸ਼ੋਭਾ ਯਾਤਰਾ ਉੱਤੇ ਪਥਰਾਅ ਤੋਂ ਬਾਅਦ ਭੜਕੀ ਹਿੰਸਾ ਉੱਤੇ ਕਾਬੂ ਪਾਉਣ ਪਿੱਛੋਂ ਐਤਵਾਰ ਨੂੰ ਕੋਈ ਹਿੰਸਾ ਨਹੀਂ ਹੋਈ।ਇਸ ਇਲਾਕੇ ਵਿੱਚ ਤਣਾਅ ਦੇ ਬਾਵਜੂਦ ਸ਼ਾਂਤੀ ਬਣੀ ਹੋਈ ਹੈ ਤੇ ਚੌਕਸੀ ਵਜੋਂ ਵੱਡੀ ਗਿਣਤੀ ਵਿੱਚਫੋਰਸਲੱਗੀ ਹੈ। ਹਾਲਾਤ ਉੱਤੇ ਕਾਬੂ ਪਾਉਣ ਦੇ ਨਾਲ ਹੀ ਦੋਸ਼ੀਆਂ ਦੀ ਗ੍ਰਿਫ਼ਤਾਰੀ ਵੀ ਸ਼ੁਰੂ ਹੋ ਗਈ ਹੈ।



ਇਸ ਦੌਰਾਨ ਪੁਲਿਸ ਨੇ ਦਿੱਲੀ ਦੀ ਤਾਜ਼ਾ ਹਿੰਸਾ ਦੇ ਮੁੱਖ ਸਾਜ਼ਿਸ਼ੀਏ ਅੰਸਾਰ ਸਮੇਤ 22 ਦੋਸ਼ੀ ਗ੍ਰਿਫ਼ਤਾਰ ਕੀਤੇ ਹਨ, ਜਿਨ੍ਹਾਂ ਵਿੱਚੋਂ ਦੋ ਨਾਬ-ਾਲਿਗ ਹਨ। ਅੰਸਾਰ ਅਤੇ ਪਿਸਤੌਲ ਨਾਲ ਫਾਇਰਿੰਗ ਕਰਨ ਦੇ ਦੋਸ਼ੀ ਅਸਲਮ ਨੂੰ ਪੁਲਿਸ ਨੇ ਰੋਹਿਣੀ ਅਦਾਲਤ ਵਿੱਚ ਪੇਸ਼ ਕਰ ਕੇ ਇੱਕ ਦਿਨ ਦਾ ਰਿਮਾਂਡ ਲਿਆ ਹੈ। ਇਨ੍ਹਾਂ ਤੋਂ ਤਿੰਨ ਪਿਸਤੌਲ ਅਤੇ ਪੰਜ ਤਲਵਾਰਾਂ ਮਿਲੀਆਂ ਹਨ। ਐਤਵਾਰ ਸ਼ਾਮ ਕਰਾਈਮ ਬ੍ਰਾਂਚ ਦੇ ਸਪੈਸ਼ਲ ਕਮਿਸ਼ਨਰ ਰਵਿੰਦਰ ਯਾਦਵ ਨੇ ਘਟਨਾ ਵਾਲੀ ਥਾਂ ਦੌਰਾ ਕਰ ਕੇ ਹਾਲਾਤ ਦਾ ਜਾਇਜ਼ਾ ਲਿਆ। ਮੰਨਿ-ਆ ਜਾਂਦਾ ਹੈ ਕਿ ਇਸ ਹਿੰਸਾ ਦੀ ਜਾਂਚ ਕਰਾਈਮ ਬ੍ਰਾਂਚ ਨੂੰ ਸੌਂਪੀ ਜਾਵੇਗੀ। ਉੱਤਰ ਪੱਛਮੀ ਦਿੱਲੀ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਊਸ਼ਾ ਰੰਗਨਾਨੀ ਦੇ ਮੁਤਾਬਕ ਹਿੰਸਾ ਦਾ ਮੁੱਖ ਸਾਜ਼ਿਸ਼ਕਰਤਾ ਅੰਸਾਰ ਚੌਥੀ ਜਮਾਤ ਤਕ ਪੜ੍ਹਿਆ ਤੇ ਕਬਾੜੀ ਦਾ ਕੰਮ ਕਰਦਾ ਹੈ। ਉਸਦੇ ਖ਼ਿਲਾਫ਼ ਦੋ ਕੇਸ ਪਹਿਲਾਂ ਵੀ ਹਨ। ਉਸ ਨੂੰ ਪਹਿਲੀ ਵਾਰ 2009 ਵਿੱਚ ਚਾਕੂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਫਿਰ 2018 ਵਿੱਚ ਉਸਦੇ ਖ਼ਿਲਾਫ਼ ਸਰਕਾਰੀ ਮੁਲਾਜ਼ਮ ਉੱਤੇ ਹਮਲਾ ਕਰਨ ਦਾਕੇਸਬਣਿਆ ਤੇ ਉਸ ਉੱਤੇ ਸੱਟੇਬਾਜ਼ੀ ਕਰਨ ਦੀ ਕਾਰਵਾਈ ਵੀ ਹੋ ਚੁੱਕੀ ਹੈ।

ਪੁਲਿਸ ਦੇ ਮੁਤਾਬਕ ਗ੍ਰਿਫ਼ਤਾਰ ਦੋਸ਼ੀਆਂ ਵਿੱਚੋਂ ਅਸਲਮ ਨੇ ਪੁਲਸ ਸਬ ਇੰਸਪੈਕਟਰ ਮੇਦਾ ਲਾਲ ਨੂੰ ਗੋਲ਼ੀ ਮਾਰੀ ਸੀ। ਉਸ ਨੇ ਪਿਸਤੌਲ ਨਾਲ ਕਈ ਫਾਇਰ ਕਰ ਕੇ ਸ਼ੋਭਾਯਾਤਰਾ ਵਿੱਚ ਦਹਿਸ਼ਤ ਪਾਉਣ ਦਾ ਕੰਮ ਕੀਤਾ। ਪਹਿਲਾਂ ਉਸ ਉੱਤੇ ਦੰਗਾ ਕਰਨ, ਕੁੱਟਮਾਰ, ਧਮਕੀ ਆਦਿ ਦੇ ਕੇਸਵੀ ਹਨ। ਉਸ ਤੋਂ ਤਾਜ਼ਾ ਵਾਰਦਾਤ ਵਿੱਚ ਵਰਤਿਆ ਪਿਸਤੌਲ ਵੀ ਮਿਲ ਗਿਆ ਹੈ।

ਰਿਪੋਰਟ ਮੁਤਾਬਕ ਸ਼ਨਿਚਰਵਾਰ ਸ਼ਾਮ ਸ਼ੋਭਾਯਾਤਰਾ ਜਦੋਂ ਜਹਾਂਗੀਰਪੁਰੀ ਦੇ ਸੀ-ਬਲਾਕ ਵਿਚਲੀ ਜਾਮਾ ਮਸਜਿਦ ਕੋਲ ਪੁੱਜੀ ਤਾਂ ਅੰਸਾਰ ਆਪਣੇ ਚਾਰ-ਪੰਜ ਸਾਥੀਆਂ ਨਾਲਉੱਥੇ ਆ ਗਿਆ ਅਤੇ ਸ਼ੋਭਾਯਾਤਰਾ ਵਿਚਲੇ ਲੋਕਾਂ ਨਾਲ ਬਹਿਸ ਕਰ ਕੇ ਯਾਤਰਾ ਰੋਕਣ ਲੱਗਾ। ਕੁਝ ਦੇਰ ਵਿੱਚ ਸ਼ੋਭਾਯਾਤਰਾ ਉੱਤੇ ਪਥਰਾਅ ਸ਼ੁਰੂ ਹੋ ਗਿਆ।ਸ਼ੋਭਾ ਯਾਤਰਾ ਨਾਲ ਚੱਲਦੇ ਪੁਲਿਸ ਮੁਲਾਜ਼ਮਾਂ ਨੇ ਜਦੋਂ ਰੋਕਣਾ ਚਾਹਿਆ ਤਾਂ ਦੰਗਾਕਾਰੀਆਂ ਨੇ ਉਨ੍ਹਾਂ ਉੱਤੇ ਪਥਰਾਅ ਅਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਇਸ ਮੌਕੇ ਸਬ ਇੰਸਪੈਕਟਰ ਮੇਦਾ ਲਾਲ ਦੇ ਖੱਬੇ ਹੱਥ ਵਿੱਚ ਗੋਲ਼ੀ ਲੱਗੀ ਤੇਅੱਠ ਹੋਰ ਪੁਲਿਸ ਵਾਲੇ ਜ਼ਖ਼ਮੀ ਹੋ ਗਏ। ਹਿੰਸਾ ਦੇ ਦੋਸ਼ੀਆਂ ਉੱਤੇ ਦੰਗਾ ਭੜਕਾਉਣ, ਸ਼ਾਂਤੀ ਭੰਗ ਕਰਨ, ਪੁਲਿਸ ਉੱਤੇ ਹਮਲਾ ਤੇ ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣ ਸਮੇਤ ਕਈ ਸੰਗੀਨ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

# ਭਗਵੰਤ ਮਾਨ ਸਰਕਾਰ ਦਾ 300 ਯੂਨਿਟ ਮੁਫ਼ਤ ਬਿਜਲੀ ਦਾ ਫ਼ੈਸਲਾ ਲੋਕਾਂ ਉੱਤੇ ਅਹਿਸਾਨ ਨਹੀਂ: ਰਾਜਾ ਵੜਿੰਗ

ਜਲੰਧਰ, 17 ਅਪਰੈਲ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੀ ਕਰਾਰੀ ਹਾਰ ਅਤੇ ਸੀਨੀਅਰ ਨੇਤਾਵਾਂ ਦੀ ਧੜੇਬੰਦੀ ਦੌਰਾਨ ਪਾਰਟੀ ਦੀ ਕੁੱਲ ਹਿੰਦ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਏ ਗਏ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਕਹਿਣਾ ਹੈ ਕਿ ਭਗਵੰਤ ਮਾਨ ਦੀ ਸਰਕਾਰ ਨੇ ਲੋਕਾਂ ਨੂੰ 300 ਯੂਨਿਟ ਬਿਜਲੀ ਮੁਫ਼ਤ ਕਰਨ ਦਾ ਫੈਸਲਾ ਕੀਤਾ ਹੈ ਤਾਂ ਇਹ ਲੋਕਾਂ ਉੱਤੇ ਕੋਈ ਅਹਿਸਾਨ ਨਹੀਂ ਕੀਤਾ।



ਅੱਜ ਏਥੇ ਆਏ ਪੰਜਾਬ ਦੇ ਸਾਬਕਾ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇੱਕ ਇੰਟਰਵਿਊ ਦੌਰਾਨ ਕਈ ਮੁੱਦਿਆਂਉੱਤੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਵਿਚ 92 ਵਿਧਾਇਕ ਜਿੱਤੇ ਹਨ, ਬਹੁਤ ਵੱਡਾਬਹੁਮਤ ਮਿਲਿਆ ਹੈ ਤਾਂ ਚੰਗੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬਿਜਲੀ ਗਾਰੰਟੀਦੀ ਗੱਲ ਕੀਤੀ ਹੈ, ਪਰ ਇਹ ਛੋਟੀ ਜਿਹੀ ਗੱਲ ਹੈ, ਅਜੇ ਬਹੁਤ ਸਾਰੀਆਂ ਗਾਰੰਟੀਆਂ ਉੱਤੇ ਅਮਲ ਬਾਕੀ ਹੈ। ਰਾਜਾ ਵੜਿੰਗ ਨੇ ਇਹ ਵੀ ਕਿਹਾ ਕਿ ਇਹ ਪੰਜਾਬ ਦੀ ਜਨਤਾ ਉੱਤੇ ਅਹਿਸਾਨ ਨਹੀਂ,ਮੁੱਖ ਮੰਤਰੀ ਦਾ ਫਰਜ਼ ਬਣਦਾ ਹੈਅਤੇ ਉਹ ਫਰਜ਼ ਦੀ ਪੂਰਤੀ ਕਰ ਰਹੇ ਹਨ, ਕਿਉਂਕਿ ਇਹ ਵਾਅਦੇ ਉਨ੍ਹਾਂ ਨੇ ਹੀ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਸਨ।

ਰਾਜਾ ਵੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਰਿਪੋਰਟ ਕਾਰਡ ਵਿੱਚ ਕਈ ਗੱਲਾਂ ਕੀਤੀਆਂ ਹਨ, ਪਰ ਉਨ੍ਹਾਂ ਵਿੱਚੋਂ ਇੱਕ ਵੀ ਪੂਰੀ ਨਹੀਂ ਹੋਈ। ਉਨ੍ਹਾਂ ਨੇ ਘਰ-ਘਰ ਰਾਸ਼ਨ ਸਪਲਾਈ ਦੀ ਗੱਲ ਕੀਤੀ ਸੀ, ਗੈਂਗਸਟਰਾਂ ਵਿਰੁੱਧ ਟਾਸਕ ਫੋਰਸ ਬਣਾ ਦਿੱਤੀ, ਪਰ ਅਜੇ ਵੀ ਥਾਂ-ਥਾਂ ਗੋਲੀ ਚੱਲਦੀ ਹੈ। ਜਦੋਂ 30 ਦਿਨਾਂ ਵਿਚ 26 ਲੋਕ ਕਤਲ ਹੋ ਜਾਣ ਤਾਂ ਟਾਸਕ ਫੋਰਸ ਜਿੰਨੀ ਚਾਹੇ ਬਣਾ ਲਉ।ਰਾਜ ਵੜਿੰਗ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦਾ ਸਟੈਚੂ ਲਾਉਣ ਦੀ ਗੱਲ ਕਹੀ ਸੀ, ਪਰ ਲੱਗਾ ਨਹੀਂ, ਨਾ ਕੋਈ ਆਰਡਰ ਹੀ ਕੀਤਾ ਗਿਆਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਲਈ 300 ਯੂਨਿਟ ਬਿਜਲੀ ਮੁਫਤ ਕਰਨ ਦਾ ਐਲਾਨ ਕੀਤਾ ਹੈ ਤਾਂ ਉਹ ਵੀ 2 ਮਹੀਨਿਆਂ ਬਾਅਦ ਲਾਗੂਹੋਣਾ ਹੈ, ਪਰ 300 ਯੂਨਿਟ ਮੁਫਤ ਕਿਵੇਂ ਕਰਨਗੇ, ਉਸ ਦਾ ਢੰਗ ਨਹੀਂ ਦੱਸਿਆ। ਉਨ੍ਹਾਂ ਕਿਹਾ ਕਿ 200 ਯੂਨਿਟ ਜਿਨ੍ਹਾਂ ਨੂੰ ਪਹਿਲਾਂ ਮੁਆਫ਼ ਸੀ, ਉਹ 300 ਕਰ ਦਿੱਤਾ ਹੈ, ਭਾਵ ਕਾਂਗਰਸ ਸਰਕ-ਾਰਇੱਕ ਕਿਲੋਵਾਟ ਤੱਕ ਵਾਲੇ ਜਿਨ੍ਹਾਂ 22.50 ਲੱਖਘਰਾਂ ਨੂੰ 200 ਯੂਨਿਟ ਮੁਫ਼ਤ ਬਿਜਲੀ ਦਿੰਦੀ ਸੀ, ਉਹ 300 ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਮੈਨੂੰ ਸ਼ੱਕ ਨਹੀਂ, ਭਰੋਸਾ ਹੈ ਕਿ ਆਮ ਆਦਮੀ ਪਾਰਟੀ ਦੀ ਰਾਏ ਹੈ ਕਿ ਕਾਂਗਰਸ ਬਿਜਲੀ ਦੀਆਂ ਜੋ ਦਰਾਂ ਸਸਤੀਆਂ ਕਰਕੇ ਗਈ, ਉਸ ਉੱਤੇ ਬਣਦੀ 2400 ਕਰੋੜ ਰੁਪਏ ਦੀ ਸਬਸਿਡੀ ਖ਼ਤਮ ਕਰ ਦਿੱਤੀ ਜਾਵੇ।ਉਨ੍ਹਾਂ ਕਿਹਾ ਕਿ ਇਸ ਸਭ ਬਾਰੇ 1 ਜੁਲਾਈ ਨੂੰ ਪਤਾ ਲੱਗੇਗਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਭਾਰਤੀ ਨੌਜਵਾਨਾਂ ਦਾ ਪੰਸਦੀਦਾ ਸ਼ੌਕ ਬਣ ਰਹੀ ਡੇਟਿੰਗ

-ਡਾ. ਵਰਿੰਦਰ ਭਾਟੀਆ-

ਡੇਟਿੰਗ ਦਾ ਮਤਲਬ ਹੈ ਕਿਸੇ ਵਿਅਕਤੀ (ਉਲਟ ਲਿੰਗ ਦੇ) ਨਾਲ ਘੁੰਮਣਾ-ਫਿਰਨਾ ਜਾਂ ਮਿਲਣਾ-ਜੁਲਣਾ, ਜਿਸ ਨੂੰ ਤੁਸੀਂ ਪਸੰਦ ਕਰਦੇ ਹੋ ਤੇ ਉਸ ਨੂੰ ਤੁਹਾਡੇ ਵਿੱਚ ਦਿਲਚਸਪੀ ਹੈ। ਜੇ ਦੋ ਲੋਕ ਇੱਕ-ਦੂਜੇ ਨੂੰ ਪਸੰਦ ਕਰਦੇ ਹਨ ਅਤੇ ਰੋਜ਼ ਇੱਕ-ਦੂਜੇ ਨਾਲ ਗੱਲ ਕਰਦੇ ਹਨ, ਫਿਰ ਭਾਵੇਂ ਫ਼ੋਨ ਉੱਤੇ ਜਾਂ ਆਹਮੋ-ਸਾਹਮਣੇ, ਭਾਵੇਂ ਚੋਰੀ-ਛਿਪੇ ਜਾਂ ਖੁੱਲ੍ਹਮ-ਖੁੱਲ੍ਹਾ ਤਾਂ ਇਸ ਨੂੰ ਡੇਟਿੰਗ ਕਹਿੰਦੇ ਹਨ। ਇਹ ਸ਼ੌਕ ਅੱਜਕੱਲ੍ਹ ਭਾਰਤੀ ਨੌਜਵਾਨਾਂ ਦਾ ਰੋਮਾਂਸ ਵਧਦਾ ਜਾਂਦਾ ਹੈ। ਕੋਰੋਨਾ ਕਾਲ ਵਿੱਚ ਵੀ ਕਈ ਆਨਲਾਈਨ ਡੇਟਿੰਗ ਸਾਈਟਸ ਉੱਤੇ ਪਿਆਰ ਦੀ ਰਫ਼ਤਾਰ ਤੇਜ਼ ਹੋਈ ਹੈ।

ਅੱਜਕੱਲ੍ਹ ਕਈ ਤਰ੍ਹਾਂ ਦੀ ਡੇਟਿੰਗ ਦੇਖਣ ਵਿੱਚ ਆ ਰਹੀ ਹੈ। ਸਭ ਤੋਂ ਪਹਿਲਾਂ ਆਨਲਾਈਨ ਡੇਟਿੰਗ ਉਹ ਤਰੀਕਾ ਹੈ ਜਿੱਥੇ ਲੋਕ ਇੰਟਰਨੈਟ ਉੱਤੇ ਮਿਲਦੇ ਹਨ। ਕੁਝ ਸਮਾਂ ਇੰਟਰਨੈਟ ਉੱਤੇ ਮਿਲਦੇ ਹਨ। ਅਕਸਰ, ਆਨਲਾਈਨ ਚੈਟ ਜਾਂ ਈਮੇਲ ਵਿੱਚ ਲੋਕ ਆਪੋ ਵਿੱਚ ਫੋਟੋ ਐਕਸਚੇਂਜ ਕਰਦੇ ਹਨ। ਇੱਕ ਵਾਰ ਆਪਸੀ ਵੇਵਲੈਂਥ ਮੈਚ ਕਰਨ ਦੇ ਬਾਅਦ ਲੋਕ ਅਕਸਰ ਮਿਲਣ ਲੱਗਦੇ ਹਨ। ਅੱਜ ਦੇ ਸਮੇਂ ਵਿੱਚ ਆਨਲਾਈਨ ਡੇਟਿੰਗ ਬਹੁਤ ਸਾਰੇ ਲੋਕਾਂ ਲਈ ਸਹੂਲਤ ਵਾਲਾ ਅਤੇ ਸੌਖਾ ਤਰੀਕਾ ਹੈ।ਇਸਦੇ ਬਾਅਦ ਬਲਾਈਂਡ ਡੇਟਿੰਗ ਦਾ ਨੰਬਰ ਆਉਂਦਾ ਹੈ। ਬਲਾਈਂਡ ਡੇਟਿੰਗ ਦੋ ਲੋਕਾਂ ਨੂੰ ਮਿਲਾਉਣ ਦਾ ਅਨੋਖਾ ਤਰੀਕਾ ਹੈ। ਡੇਟਿੰਗ ਦੇ ਇਸ ਤਰੀਕੇ ਵਿੱਚ ਦੋ ਲੋਕ, ਜੋ ਇੱਕ-ਦੂਸਰੇ ਨੂੰ ਬਿਲਕੁਲ ਨਹੀਂ ਜਾਣਦੇ, ਉਨ੍ਹਾਂ ਨੂੰ ਕਿਸੇ ਦੋਸਤ ਵੱਲੋਂ ਡੇਟਿੰਗ ਉੱਤੇ ਜਾਣ ਲਈ ਤਿਆਰ ਕੀਤਾ ਜਾਂਦਾ ਹੈ। ਬਲਾਈਂਡ ਡੇਟਿੰਗ ਆਮ ਤੌਰ ਉੱਤੇ ਦੋਸਤਾਂ, ਪਰਵਾਰ ਜਾਂ ਕੁਲੀਗਸ ਵੱਲੋਂ ਕਰਾਈ ਜਾਂਦੀ ਹੈ। ਬਲਾਈਂਡ ਡੇਟਿੰਗ ਉੱਤੇ ਜਾਣ ਲਈ ਡੇਟਿੰਗ ਸਾਈਟਸ ਦੀ ਲੋੜ ਨਹੀਂ ਹੁੰਦੀ। ਬਲਾਈਂਡ ਡੇਟਿੰਗ ਲਈ ਦੋਸਤ ਅਤੇ ਰਿਸ਼ਤੇਦਾਰ ਹੀ ਤੁਹਾਡੇ ਲਈ ਡੇਟਿੰਗ ਸਾਈਟਸ ਦਾ ਕੰਮ ਕਰਦੇ ਹਨ।

ਇਸ ਪਿੱਛੋਂ ਕੈਜ਼ੂਅਲ ਜਾਂ ਚਾਲੂ ਡੇਟਿੰਗ ਦੇਖੀ ਜਾਂਦੀ ਹੈ। ਕੋਈ ਡੇਟਿੰਗ ਕੈਜ਼ੁਅਲ ਡੇਟਿੰਗ ਉਦੋਂ ਅਖਵਾਉਂਦੀ ਹੈ ਜਦੋਂ ਕੋਈ ਵਿਅਕਤੀ ਇੱਕੋ ਸਮੇਂ ਕਈ ਲੋਕਾਂ ਨੂੰ ਡੇਟਿੰਗ ਕਰਦਾ ਹੈ। ਕੇਜ਼ੂਅਲ ਡੇਟਿੰਗ ਉਨ੍ਹਾਂ ਲੋਕਾਂ ਵੱਲੋਂ ਕੀਤੀ ਜਾਂਦੀ ਹੈ ਜੋ ਆਪਣੇ ਡੇਟਿੰਗ ਪਾਰਟਨਰ ਨਾਲ ਘਰ ਵਸਾਉਣ ਵਿੱਚ ਦਿਲਚਸਪੀ ਨਹੀਂ ਰੱਖਦੇ। ਕੈਜ਼ੂਅਲ ਡੇਟਿੰਗ ਉਨ੍ਹਾਂ ਲੋਕਾਂ ਲਈ ਹੈ ਜੋ ਸਿਰਫ਼ ਜਿਣਸੀ ਸਬੰਧ ਭਾਲਦੇ ਹਨ। ਕੈਜ਼ੂਅਲ ਡੇਟਿੰਗ ਲਈ ਲੋਕ ਵੱਖ-ਵੱਖ ਡੇਟਿੰਗ ਸਾਈਟਸ ਦੀ ਵਰਤੋਂ ਕਰਦੇ ਹਨ। ਇਸ ਵਿੱਚ ਕਿਸੇ ਤਰ੍ਹਾਂ ਦਾ ਕਮਿਟਮੈਂਟ ਨਹੀਂ ਹੁੰਦਾ। ਦੋਵੇਂ ਸਾਥੀ ਇੱਕ ਸਮੇਂ ਉੱਤੇ ਕਈ ਵੱਖ-ਵੱਖ ਲੋਕਾਂ ਨੂੰ ਡੇਟ ਕਰਦੇ ਹਨ। ਸੀਰੀਅਸ ਡੇਟਿੰਗ ਇੱਕ ਹੋਰ ਸੰਜੀਦਾ ਕਿਸਮ ਦੀ ਡੇਟਿੰਗ ਹੈ। ਦੋ ਲੋਕਾਂ ਦੀ ਸੀਰੀਅਸ ਡੇਟਿੰਗ ਉਦੋਂ ਹੁੰਦੀ ਹੈ, ਜਦੋਂ ਦੋ ਲੋਕ ਇੱਕ-ਦੂਸਰੇ ਨੂੰ ਪੂਰੀ ਤਰ੍ਹਾਂ ਸਮਾਂ ਦਿੰਦੇ ਤੇ ਖੁਦ ਨੂੰ ਜੋੜਾ ਮੰਨਦੇ ਹਨ। ਸੀਰੀਅਸ ਡੇਟਿੰਗ ਵਿੱਚ ਇੱਕ ਕਮਿਟਮੈਂਟ ਤੇ ਇੱਕ-ਦੂਸਰੇ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਸ਼ਾਮਲ ਹੈ। ਏਦਾਂ ਦੀ ਡੇਟਿੰਗ ਅਕਸਰ ਮੰਗਣੀ ਅਤੇ ਉਸ ਦੇ ਬਾਅਦ ਅਕਸਰ ਵਿਆਹ ਵਿੱਚ ਬਦਲ ਜਾਂਦੀ ਹੈ।

ਕੁਝ ਸਮਾਂ ਪਹਿਲਾਂ ਕੋਰੋਨਾ ਦੇ ਕਹਿਰ ਨੇ ਨੌਜਵਾਨਾਂ ਦੇ ਇਸ਼ਕ ਦੇ ਅਰਮਾਨਾਂ ਉੱਤੇ ਪਹਿਰਾ ਲਾ ਦਿੱਤਾ ਸੀ। ਇਸ ਸਭ ਦੇ ਬਾਵਜੂਦ ਭਾਰਤੀ ਨੌਜਵਾਨਾਂ ਦੇ ਰੋਮਾਂਟਿਕ ਜਨੂੰਨ ਉੱਤੇ ਉਨੀਂ ਦਿਨੀਂ ਪਹਿਰਾ ਲਾਉਣਾ ਸੌਖਾ ਨਹੀਂ। ਕਹਿੰਦੇ ਹਨ ਇਸ਼ਕ ਦਰਿਆ ਵਿੱਚ ਵੀ ਆਪਣਾ ਰਾਹ ਕੱਢ ਲੈਂਦਾ ਹੈ। ਫਿਰ ਦੇਸ਼ ਦੀ ਡਿਜੀਟਲ ਤਕਨਾਲੋਜੀ ਵਿੱਚ ਤਰੱਕੀ, ਭਲਾ ਕਿਸ ਦਿਨ ਨੌਜਵਾਨ ਵਰਗ ਦੇ ਕੰਮ ਆਉਣ ਵਾਲੀ ਸੀ। ਕੋਰੋਨਾ ਦੀ ਤਾਲਾਬੰਦੀ ਕਾਰਨ ਜਿਹੜੇ ਨੌਜਵਾਨ ਦਿਲਾਂ ਦੀ ਰੋਮਾਂਸ ਦੀ ਭਾਲ ਮੁਕੰਮਲ ਨਹੀਂ ਹੋ ਸਕੀ, ਉਨ੍ਹਾਂ ਨੇ ਆਨਲਾਈਨ ਡੇਟਿੰਗ ਐਪਸ ਦਾ ਰਾਹ ਫੜ ਲਿਆ ਤੇ ਅੱਜ ਵੀ ਇੰਟਰਨੈਟ ਅਤੇ ਡਿਜੀਟਲ ਤਕਨਾਲੋਜੀ ਰਾਹੀਂ ਕਈ ਨੌਜਵਾਨ ਤੇ ਕੁਝ ਦਿਲਫੈਂਕ ਬਾਲਗ ਇਸ਼ਕ ਦੇ ਘੋੜੇ ਉੱਤੇ ਡੇਟਿੰਗ ਦੇ ਸਫਰ ਉੱਤੇ ਤੇਜ਼ੀ ਨਾਲ ਭੱਜ ਰਹੇ ਹਨ। ਅੱਜ ਘੱਟ ਤੋਂ ਘੱਟ ਦਰਜਨਾਂ ਅਜਿਹੀਆਂ ਆਨਲਾਈਨ ਡੇਟਿੰਗ ਐਪਸ ਹਨ ਜਿਨ੍ਹਾਂ ਉੱਤੇ ਕਈ ਲੋਕ ਦਿਨ ਖੋਲ੍ਹ ਕੇ ਆਪਣੀ ਆਸ਼ਕੀ ਦਾ ਇਜ਼ਹਾਰ ਕਰ ਰਹੇ ਹਨ।

ਭਾਰਤ ਵਿੱਚ ਆਨਲਾਈਨ ਡੇਟਿੰਗ ਐਪਸ ਦੇ ਰਿਵਾਜ ਨੂੰ ਸ਼ੁਰੂ ਹੋਏ ਖਾਸ ਵੱਧ ਸਮਾਂ ਨਹੀਂ ਹੋਇਆ। ਇੰਟਰਨੈਟ ਦੇ ਵਿਸਥਾਰ ਨਾਲ ਭਾਰਤ ਵਿੱਚ ਇਨ੍ਹਾਂ ਦਾ ਕ੍ਰੇਜ਼ ਲੋਕਾਂ ਵਿੱਚ ਵਧ ਰਿਹਾ ਹੈ। ਇਹ ਡੇਟਿੰਗ ਐਪਸ ਕਈ ਸਿੰਗਲ ਨੌਜਵਾਨਾਂ ਲਈ ਆਸ ਦੀ ਕਿਰਨ ਬਣ ਰਹੀਆਂ ਹਨ। ਇਹ ਇਸ ਦਾ ਹਾਂਪੱਖੀ ਪੱਖ ਹੈ। ਇਸ ਸੰਦਰਭ ਵਿੱਚ ਆਨਲਾਈਨ ਡੇਟਿੰਗ ਨਾਲ ਜੁੜੇ ਵਪਾਰਕ ਅੰਕੜੇ ਖੁਸ਼ਨਮਾ ਹਨ। ਇਸ ਸਮੇਂ ਭਾਰਤ ਵਿੱਚ ਆਨਲਾਈਨ ਡੇਟਿੰਗ ਸੈਗਮੈਂਟ ਵਿੱਚ 53.6 ਕਰੋੜ ਡਾਲਰ ਦਾ ਅੰਦਾਜ਼ਨ ਕਾਰੋਬਾਰ ਹੁੰਦਾ ਹੈ। ਇਹ ਕਾਰੋਬਾਰ 17.61 ਫੀਸਦੀ ਦੀ ਸਾਲਾਨਾ ਦਰ ਨਾਲ ਵਧ ਰਿਹਾ ਹੈ। ਇਨ੍ਹਾਂ ਅੰਕੜਿਆਂ ਨਾਲ ਭਾਰਤ ਵਿੱਚ ਡੇਟਿੰਗ ਐਪਸ ਦੇ ਭਵਿੱਖ ਦਾ ਅੰਦਾਜ਼ਾ ਲੱਗ ਸਕਦਾ ਹੈ। ਦੇਖਣ ਵਾਲੀ ਗੱਲ ਹੈ ਕਿ ਜੋ ਲੋਕ ਡੇਟਿੰਗ ਐਪਸ ਨੂੰ ਪਹਿਲਾਂ ਨਜ਼ਰਅੰਦਾਜ਼ ਕਰਦੇ ਸਨ, ਉਹ ਵੀ ਇਸ ਦੀ ਵਰਤੋਂ ਕਰਨ ਲੱਗੇ ਹਨ। ਇੱਕ ਤਾਜ਼ਾ ਸਰਵੇ ਕਹਿੰਦਾ ਹੈ ਕਿ ਅਜਿਹੇ 44 ਫੀਸਦੀ ਲੋਕ, ਜੋ ਪਹਿਲਾਂ ਆਨਲਾਈਨ ਡੇਟਿੰਗ ਦੇ ਵਿਰੁੱਧ ਸਨ, ਅੱਜਕੱਲ੍ਹ ਇਸ ਨੂੰ ਧੜੱਲੇ ਨਾਲ ਅਜ਼ਮਾ ਕੇ ਰੋਮਾਂਸ ਦੇ ਖੁਮਾਰ ਵਿੱਚ ਗੁਆਚ ਜਾਣਾ ਚਾਹੁੰਦੇ ਹਨ। ਕਈ ਡੇਟਿੰਗ ਐਪਸ ਭਾਰਤ ਵਿੱਚ ਯੂਜ਼ਰਾਂ ਦੀ ਅਸਲੀ ਗਿਣਤੀ ਨਹੀਂ ਦੱਸਦੇ। ਚੰਗੀ ਵੱਡੀ ਗਿਣਤੀ ਵਿੱਚ ਦੇਸੀ ਨੌਜਵਾਨ ਇਨ੍ਹਾਂ ਡੇਟਿੰਗ ਐਪਸ ਉੱਤੇ ਪਿਆਰ ਦੀਆਂ ਪੀਂਘਾਂ ਵਧਾਉਣ ਵਿੱਚ ਮਸ਼ਰੂਫ ਹਨ ਅਤੇ ਡੇਟਿੰਗ ਉਨ੍ਹਾਂ ਦਾ ਪਸੰਦੀਦਾ ਸ਼ੌਕ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਪਾਕਿ ਦੀ ਸਰਕਾਰ ਇੱਕ ਹੋਵੇ ਜਾਂ ਦੂਸਰੀ, ਭਾਰਤ ਨਾਲ ਸੰਬੰਧ ਸੁਧਾਰ ਦੇ ਪੱਕੇ ਸੰਕੇਤ ਕੋਈ ਨਹੀਂ



ਜਤਿੰਦਰ ਪੰਨੂ

ਜਦੋਂ ਤੋਂ ਭਾਰਤ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਮਿਲੀ ਤੇ ਇੱਕ ਦਿਨ ਪਹਿਲਾਂ ਪਾਕਿਸਤਾਨ ਨਾਂਅ ਦੇ ਨਵੇਂ ਦੇਸ਼ ਦਾ ਜਨਮ ਹੋਇਆ, ਓਦੋਂ ਤੋਂ ਭਾਰਤ ਨਾਲ ਦੁਵੱਲੇ ਸੰਬੰਧ ਕੁੜੱਤਣ ਭਰਪੂਰ ਰਹੇ ਹਨ। ਕਦੇ-ਕਦੇ ਦੋਵੇਂ ਦੇਸ਼ਾਂ ਦੇ ਹਾਕਮ ਵਕਤੀ ਤੌਰ ਉੱਤੇ ਕੁਝ ਏਦਾਂ ਵਿਖਾਲਾ ਕਰਦੇ ਰਹੇ ਕਿ ਲੋਕਾਂ ਨੂੰ ਸੰਬੰਧਾਂ ਵਿੱਚ ਪੱਕੇ ਸੁਧਾਰ ਦੀ ਆਸ ਬੱਝਣ ਲੱਗ ਜਾਂਦੀ ਸੀ, ਪਰ ਥੋੜ੍ਹੇ ਦਿਨਾਂ ਪਿੱਛੋਂ ਗੱਡੀ ਫਿਰ ਓਸੇ ਲੀਹ ਉੱਤੇ ਚੱਲ ਪੈਂਦੀ ਸੀ। ਇਸ ਦੀ ਜੜ੍ਹ ਇਹ ਕਾਰਨ ਸੀ ਕਿ ਪਾਕਿਸਤਾਨ ਬਣਿਆ ਹੀ ਇਸ ਧਾਰਨਾ ਉੱਤੇ ਸੀ ਕਿ ਭਾਰਤ ਵਿਚਲੇ ਮੁਸਲਮਾਨਾਂ ਨੂੰ ਇਸ ਲਈ ਵੱਖਰਾ ਦੇਸ਼ ਚਾਹੀਦਾ ਹੈ ਕਿ ਜੇ ਵੱਖ ਨਾ ਹੋਏ ਤਾਂ ਉਨ੍ਹਾਂ ਦੀ ਹੋਂਦ ਨੂੰ ਖਤਰਾ ਹੋ ਸਕਦਾ ਹੈ।ਵੱਖਰੇ ਪਾਕਿਸਤਾਨ ਦੇ ਮੋਢੀ ਮੁਹੰਮਦ ਅਲੀ ਜਿਨਾਹ ਦੇ ਜਾਣਕਾਰ ਕਈ ਵਾਰ ਲਿਖ ਚੁੱਕੇ ਹਨ ਕਿ ਉਹ ਪੱਕਾ ਮੁਸਲਮਾਨ ਵੀ ਕਿਹਾ ਜਾਣ ਯੋਗ ਨਹੀਂ ਸੀ, ਕਈ ਕੰਮ ਅਜਿਹੇ ਵੀ ਕਰ ਲੈਂਦਾ ਸੀ, ਜਿਹੜੇ ਇਸਲਾਮ ਵਿੱਚ ਵਰਜਿਤ ਸਨ, ਪਰ ਮੁਸਲਮਾਨਾਂ ਲਈ ਇਹੋ ਗੱਲ ਕਾਫੀ ਸੀ ਕਿ ਉਹ ਵੱਖਰਾ ਦੇਸ਼ ਬਣਾ ਕੇ ਦੇ ਗਿਆ, ਇਸ ਲਈ ਉਹ ਇਸ ਦੇਸ਼ ਦੇ ਲੋਕਾਂ ਲਈ ਖਾਸ ਬਣ ਗਿਆ ਸੀ। ਉਸ ਨੇ ਕਿਉਂਕਿ ਵੱਖਰਾ ਦੇਸ਼ ਬਣਾਇਆ ਸੀ, ਵੱਖਰਾ ਦੇਸ਼ ਬਣਦੇ ਸਾਰਉਸ ਨੇ ਅੰਗਰੇਜ਼ੀ ਹਾਕਮਾਂ ਨਾਲ ਅੱਖ ਮਿਲੀ ਹੋਣ ਕਰ ਕੇ ਆਪਣੇ ਦੇਸ਼ ਦਾ ਇਲਾਕਾ ਹੋਰ ਵਧਾਉਣ ਲਈ ਕਸ਼ਮੀਰ ਰਿਆਸਤ ਵਿੱਚ ਕਬਾਇਲੀ ਲੋਕਾਂ ਦੇ ਭੇਸ ਵਿੱਚ ਆਪਣੀ ਫੌਜ ਦੀ ਘੁਸਪੈਠ ਕਰਵਾ ਕੇ ਦੁਵੱਲੇ ਸੰਬੰਧਾਂ ਵਿੱਚ ਕੁੜੱਤਣ ਦਾ ਪਹਿਲਾਬੀਜ ਬੀਜਿਆ ਸੀ, ਜਿਹੜਾ ਅੱਜ ਤੱਕ ਫਲਦਾ ਪਿਆ ਹੈ।

ਬਾਅਦ ਦੇ ਸਮੇਂ ਦੌਰਾਨ ਜਦੋਂ ਭਾਰਤ ਕਈ ਕਮੀਆਂ-ਕਮਜ਼ੋਰੀਆਂ ਦੇ ਬਾਵਜੂਦ ਇੱਕ ਸੰਵਿਧਾਨ ਬਣਾਉਣ ਪਿੱਛੋਂ ਲੋਕਤੰਤਰ ਦੀ ਲੀਹੇ ਪੈ ਤੁਰਿਆ,ਪਾਕਿਸਤਾਨ ਆਪਣੇ ਮੁੱਢਲੇ ਦਿਨਾਂ ਵੇਲੇ ਹੀ ਲੋਕਤੰਤਰ ਦੀ ਲੀਹ ਚੜ੍ਹਨ ਤੋਂ ਪਾਸਾ ਵੱਟ ਕੇ ਫੌਜੀ ਜਰਨੈਲਾਂ ਦੀ ਤਾਨਾਸ਼ਾਹੀ ਦਾ ਮੁਥਾਜ ਬਣਨ ਤੁਰ ਪਿਆ ਸੀ। ਇਸ ਖੇਡ ਦਾ ਮੁੱਢ ਸਾਲ 1953 ਵਿੱਚ ਸੰਵਿਧਾਨ ਘੜਨੀ ਅਸੈਂਬਲੀ ਵਿੱਚ ਬਹੁਮੱਤ ਵਾਲੇ ਖਵਾਜ਼ਾ ਨਜ਼ੀਮੁਦੀਨ ਨੂੰ ਮੌਕੇ ਦੇ ਗਵਰਨਰ ਜਨਰਲ ਗੁਲਾਮ ਮੁਹੰਮਦ ਵੱਲੋਂ ਫੌਜ ਦੀ ਹੱਲਾਸ਼ੇਰੀ ਨਾਲ ਬਰਖਾਸਤ ਕਰਨਦੇ ਨਾਲ ਬੱਝਾ ਸੀ। ਫਿਰ 1955 ਵਿੱਚ ਗਵਰਨਰ ਜਨਰਲ ਬਣੇ ਇਸਕੰਦਰ ਅਲੀ ਮਿਰਜ਼ਾ ਨੇ ਅਗਲੇ ਸਾਲ ਬਾਕਾਇਦਾ ਰਾਸ਼ਟਰਪਤੀ ਬਣਨ ਤੋਂ ਦੋ ਸਾਲ ਪਿੱਛੋਂ 1958 ਵਿੱਚ ਪ੍ਰਧਾਨ ਮੰਤਰੀ ਨੂੰ ਅਹੁਦੇ ਤੋਂ ਬਰਖਾਸਤ ਕਰ ਕੇ ਪਹਿਲੀ ਵਾਰ ਬਾਕਾਇਦਾ ਫੌਜੀ ਹਕੂਮਤ ਨੂੰ ਵਾਗ ਫੜਾਈ ਸੀ। ਸਾਲ 1970 ਤੱਕ ਉਸ ਦੇਸ਼ ਵਿੱਚ ਕਦੀ ਸਿੱਧੀ ਚੋਣ ਨਹੀਂ ਸੀ ਹੋ ਸਕੀ, ਓਦੋਂ ਵੀ ਪਹਿਲੀ ਚੋਣ ਐਵੇਂ ਵਿਖਾਵਾ ਸੀਅਤੇ ਇਸ ਪਹਿਲੀ ਚੋਣ ਵਿੱਚ ਅਵਾਮੀ ਲੀਗ ਦੀ ਜਿੱਤ ਹੋਣ ਪਿੱਛੋਂ ਇਸ ਦੇ ਆਗੂ ਸ਼ੇਖ ਮੁਜੀਬੁਰ ਰਹਿਮਾਨ ਨੂੰ ਪ੍ਰਧਾਨ ਮੰਤਰੀ ਨਹੀਂ ਸੀ ਬਣਨ ਦਿੱਤਾ ਗਿਆ ਤੇ ਨਤੀਜੇ ਵਜੋਂ ਤਿੱਖੇ ਟਕਰਾਅ ਕਾਰਨ ਇਸ ਦੇਸ਼ ਦਾ ਪੂਰਬੀ ਹਿੱਸਾ ਟੁੱਟ ਕੇ ਬੰਗਲਾ ਦੇਸ਼ ਪੈਦਾ ਹੋ ਗਿਆ ਸੀ।

ਭਾਰਤ ਨਾਲ ਪਾਕਿਸਤਾਨ ਦੇ ਸੰਬੰਧਾਂ ਵਿੱਚ ਦੋਸਤੀ ਤੇ ਕੁੜੱਤਣ ਦਾ ਅਗਲਾ ਦੌਰ ਇਸ ਜੰਗ ਪਿੱਛੋਂ ਨਵੇਂ ਸਿਰਿਉਂ ਚੱਲਿਆ ਸੀ। ਆਪਣੇ ਅਠਾਨਵੇਂ ਹਜ਼ਾਰ ਫੌਜੀ ਕੈਦੀ ਛੁਡਾਉਣ ਲਈ ਓਦੋਂ ਦੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਗੱਲਬਾਤ ਦੇ ਗੇੜ ਚਲਾਏ ਤੇ ਸ਼ਿਮਲਾ ਸਮਝੌਤਾ ਲਿਖਣ ਨਾਲ ਦੋਸਤੀ ਦਾ ਮੁੱਢ ਬੱਝਣ ਦੀ ਸੁਰ ਚੁੱਕੀ ਸੀ, ਪਰ ਅਗਲੇ ਸਾਲ ਭਾਰਤ ਨੂੰ ਬੰਗਲਾ ਦੇਸ਼ ਦਾ ਜਵਾਬ ਦੇਣ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਭੁੱਟੋ ਦਾ ਤਖਤਾ ਪਲਟ ਕੇ ਉਸ ਨੂੰ ਫਾਂਸੀ ਟੰਗ ਦੇਣ ਵਾਲਾ ਜਨਰਲ ਜ਼ਿਆ ਉਲ ਹੱਕਏਸੇ ਤਰ੍ਹਾਂ ਕਦੀ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਦੋਸਤੀ



ਦੀਆਂ ਮੀਟਿੰਗਾਂ ਕਰਨ ਅਤੇ ਕਦੀ ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਦਬਾਕੜੇ ਛੱਡਦਾ ਰਿਹਾ ਸੀ, ਪਰ ਉਸ ਦੀ ਮੌਤ ਮਗਰੋਂ ਦੇਸ਼ ਦੀ ਪ੍ਰਧਾਨ ਮੰਤਰੀ ਬਣੀ ਬੇਨਜ਼ੀਰ ਭੁੱਟੋ ਤੋਂ ਲੋਕਾਂ ਨੂੰ ਆਸ ਸੀ ਕਿ ਉਹ ਭਾਰਤ ਨਾਲ ਸੰਬੰਧ ਜ਼ਰੂਰ ਸੁਧਾਰੇਗੀ। ਹੋਇਆ ਇਸ ਦੇ ਉਲਟ ਇਹ ਕਿ ਬੇਨਜ਼ੀਰ ਆਪਣੀ ਗੱਦੀ ਪੱਕੀ ਕਰਨ ਲਈ ਕੱਟੜਪੰਥੀਆਂ ਅਤੇ ਫੌਜੀ ਜਰਨੈਲਾਂ ਦੇ ਦਬਾਅ ਹੇਠ ਭਾਰਤ ਕੋਲੋਂ ਸਮੁੱਚਾ ਕਸ਼ਮੀਰ ਖੋਹਣ ਦੇ ਨਾਅਰੇ ਲਾਉਣ ਦੇ ਰਾਹ ਪੈ ਗਈ ਸੀ। ਬਾਅਦ ਵਿੱਚ ਨਵਾਜ਼ ਸ਼ਰੀਫ ਪ੍ਰਧਾਨ ਮੰਤਰੀ ਬਣਿਆ ਤਾਂ ਭਾਰਤੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨਾਲ ਗੱਲਬਾਤ ਦਾ ਨਵਾਂ ਗੇੜ ਚੱਲ ਪਿਆ। ਨਵਾਜ਼ ਸ਼ਰੀਫ ਤਰਨ ਤਾਰਨ ਜ਼ਿਲੇ ਦੇ ਪਿੰਡ ਜਾਤੀ ਉਮਰਾ ਦਾ ਜੰਮ-ਪਲ ਸੀ ਅਤੇ ਇੰਦਰ ਕੁਮਾਰ ਗੁਜਰਾਲ ਪਾਕਿਸਤਾਨ ਵਿਚਲੇ ਜੇਹਲਮ ਜ਼ਿਲੇ ਦੇ ਪਿੰਡ ਪਰੀ ਦਰਵੇਜ਼ਾ ਵਿੱਚ ਪੈਦਾ ਹੋਇਆ ਹੋਣ ਕਰ ਕੇ ਦੁਵੱਲੇ ਸੰਬੰਧਸੁਧਾਰਨ ਦੀਆਂ ਬਹੁਤ ਆਸਾਂ ਹੋਣ ਲੱਗੀਆਂ ਸਨ, ਪਰ ਗੱਲ ਸਿਰੇ ਓਦੋਂ ਵੀ ਨਹੀਂ ਸੀ ਚੜ੍ਹ ਸਕੀ ਅਤੇ ਅਟਲ ਬਿਹਾਰੀ ਵਾਜਪਾਈ ਦੇ ਯਤਨ ਵੀ ਸਿਰੇ ਨਹੀਂ ਸਨ ਚੜ੍ਹ ਸਕੇ। ਪਾਕਿਸਤਾਨੀ ਫੌਜ ਦੇ ਮੁਖੀ ਪਰਵੇਜ਼ਮੁਸ਼ੱਰਫ ਨੇ ਬੰਗਲਾ ਦੇਸ਼ ਦਾ ਬਦਲਾ ਲੈਣ ਦੇ ਨਾਂਅ ਉੱਤੇ ਆਪਣੀ ਫੌਜ ਦੀ ਲਾਮਬੰਦੀ ਕਰਵਾ ਕੇ ਨਵਾਜ਼ ਸ਼ਰੀਫ ਨੂੰ ਦੱਸੇ ਬਗੈਰ ਕਾਰਗਿਲ ਦੀ ਜੰਗ ਲਾ ਦਿੱਤੀ ਅਤੇ ਸੰਬੰਧ ਸੁਧਰਨ ਦੀ ਥਾਂ ਹੋਰ ਵਿਗਾੜ ਦਿੱਤੇ ਸਨ।

ਆਪਣੀ ਪੂਰੀ ਚੜ੍ਹਤ ਦੇ ਦੌਰ ਵਿੱਚ ਜਨਰਲ ਮੁਸ਼ੱਰਫ ਨੇ ਅਟਲ ਬਿਹਾਰੀ ਵਾਜਪਾਈ ਨਾਲ ਸੰਬੰਧ ਸੁਧਾਰਨ ਬਾਰੇ ਗੱਲ ਏਦਾਂ ਸ਼ੁਰੂ ਕੀਤੀ, ਜਿਵੇਂ ਸਿਰੇ ਚਾੜ੍ਹਨ ਦਾ ਮਨ ਬਣਾ ਚੁੱਕਾ ਹੋਵੇ, ਪਰ ਅੰਤ ਨੂੰ ਲਿਖਿਆ ਪਿਆ ਸਾਂਝਾ ਐਲਾਨਨਾਮਾ ਆਗਰੇ ਵਿੱਚ ਛੱਡ ਕੇ ਪਾਕਿਸਤਾਨ ਨੂੰ ਵਾਪਸੀ ਉਡਾਰੀ ਮਾਰ ਗਿਆ ਸੀ। ਓਦੋਂ ਬਾਅਦ ਨਵਾਜ਼ ਸ਼ਰੀਫ ਤੇ ਆਸਿਫ ਅਲੀ ਜ਼ਰਦਾਰੀ ਦੇ ਵੇਲੇ ਵੀ ਥੋੜ੍ਹੀ-ਜਿਹੀ ਹਿਲਜੁਲ ਹੋਈ, ਪਰ ਗੱਲ ਅੱਗੇ ਨਹੀਂ ਵਧੀ। ਇਮਰਾਨ ਖਾਨ ਦੇ ਆਉਣ ਨਾਲ ਸੰਬੰਧ ਸੁਧਰਨ ਦੀ ਆਸ ਸੀ, ਪਰ ਉਸ ਦੇ ਸਹੁੰ ਚੁੱਕ ਸਮਾਗਮ ਵਿੱਚ ਉਸ ਦਾ ਯਾਰ ਨਵਜੋਤ ਸਿੰਘ ਸਿੱਧੂ ਅਚਾਨਕ ਜਿਸ ਤਰ੍ਹਾਂ ਚਰਚਾ ਦਾ ਕੇਂਦਰ ਬਣ ਗਿਆ ਤੇ ਉਹ ਹਰ ਗੱਲ ਵਿੱਚ 'ਮੈਂ ਆਹ ਕੀਤਾ' ਕਹਿਣ ਲੱਗ ਪਿਆ ਤਾਂ ਉਸ ਦੇ ਵਿਰੋਧੀ ਇਸ ਸਾਂਝ ਪ੍ਰਕਿਰਿਆ ਦੀਆਂ ਤੰਦਾਂ ਟੁੱਕਣ ਲੱਗ ਪਏ। ਪ੍ਰਧਾਨ ਮੰਤਰੀ ਵਜੋਂ ਮਿਆਦ ਪੂਰੀ ਕੀਤੇ ਬਿਨਾਂ ਉਸ ਦੀ ਕੁਰਸੀ ਖੁੱਸ ਜਾਣ ਪਿੱਛੋਂ ਫਿਰ ਨਵਾਜ਼ ਸ਼ਰੀਫ ਦਾ ਭਰਾ ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦਾ ਪ੍ਰਧਾਨ ਮਤਰੀ ਬਣ ਜਾਣ ਨਾਲ ਕੁਝ ਲੋਕਾਂ ਨੂੰ ਇੱਕ ਵਾਰ ਫਿਰ ਉਹੋ ਸੰਬੰਧਸੁਧਰਨ ਦੀ ਝਾਕ ਹੋ ਗਈ ਸੁਣੀ ਜਾ ਰਹੀ ਹੈ, ਪਰ ਤਜਰਬਾ ਦੱਸਦਾ ਹੈ ਕਿ ਆਸ ਜਿੰਨੀ ਮਰਜ਼ੀ ਕੋਈ ਲਾਉਂਦਾ ਰਹੇ, ਪਾਕਿਸਤਾਨ ਨਾਲ ਸੰਬੰਧਾਂ ਵਿੱਚ ਸੁਧਾਰ ਕੋਈ ਨਹੀਂ ਹੋ ਸਕਣਾ।

ਸਾਡੇ ਇਹ ਕਹਿਣ ਦਾ ਅਰਥ ਇਹ ਨਹੀਂ ਕਿ ਅਸੀਂ ਦੋਵਾਂ ਵਿੱਚ ਸਾਂਝ ਨਹੀਂ ਚਾਹੁੰਦੇ, ਸਗੋਂ ਅਸੀਂ ਯੂਰਪੀ ਦੇਸ਼ਾਂ ਦੇ ਲੋਕਾਂ ਵਰਗੀ ਸਾਂਝ ਚਾਹੁੰਦੇ ਹਾਂ, ਜਿੱਥੇ ਇੱਕ ਦੂਸਰੇ ਦੇਸ਼ ਵਿੱਚ ਸਹਿਜ ਭਾਅ ਨਾਲ ਆਉਣ-ਜਾਣ ਹੋ ਸਕਦਾ ਹੈ। ਔਕੜ ਅਸਲ ਵਿੱਚ ਇਹ ਹੈ ਕਿ ਓਥੋਂ ਦੀ ਰਾਜਨੀਤੀ ਦੇ ਰਥਵਾਨਾਂ ਨੇ ਪਿਛਲੇ ਸਤੱਤਰ ਸਾਲਾਂ ਦੌਰਾਨ ਆਪਣੇ ਲੋਕਾਂ ਨੂੰ ਇਹ ਹੀ ਸਬਕ ਪੜ੍ਹਾਇਆ ਹੈ ਕਿ ਭਾਰਤ ਨੇ ਪਾਕਿ-ਸਤਾਨ ਨੂੰ ਹੜੱਪ ਕਰ ਜਾਣਾ ਹੈ। ਭਾਰਤ ਦੀ ਏਦਾਂ ਦੀ ਸੋਚ ਨਹੀਂ। ਕਈ ਸਾਲ ਪਹਿਲਾਂ ਜਦੋਂ ਮਣੀ ਸ਼ੰਕਰ ਅਈਅਰ ਪਾਕਿਸਤਾਨ ਵਿੱਚ ਭਾਰਤ ਦਾ ਹਾਈ ਕਮਿਸ਼ਨਰ ਸੀ ਤਾਂ ਇੱਕ ਸੈਮੀਨਾਰ ਵਿੱਚ ਇਹੋ ਸਵਾਲ ਉਸ ਨੂੰ ਪੁੱਛਿਆ ਗਿਆ ਸੀ ਕਿ ਤੁਹਾਡਾ ਦੇਸ਼ ਪਾਕਿ-ਸਤਾਨ ਨੂੰ ਹੜੱਪ ਜਾਣਾ ਚਾਹੁੰਦਾ ਹੈ। ਉਸ ਦਾ ਜਵਾਬ ਓਦੋਂ ਵੀ ਦਲੀਲ ਪੂਰਨ ਸੀ ਤੇ ਅੱਜ ਵੀ ਢੁਕਵਾਂ ਹੈ। ਮਣੀ ਸ਼ੰਕਰ ਨੇ ਕਿਹਾ ਸੀ ਕਿ ਸਾਡੇ ਭਾਰਤ ਦੇ ਢਾਈ ਦਰਜਨ ਰਾਜਾਂ ਵਿੱਚੋਂ ਚਾਰ-ਪੰਜ ਰਾਜਾਂ ਵਿੱਚ ਬਦ-ਅਮਨੀ ਹੈ ਤੇ ਅਸੀਂ ਉਨ੍ਹਾਂ ਦੀ ਬਦ-ਅਮਨੀ ਸੰਭਾਲਣ ਵਿੱਚ ਔਖ ਮਹਿਸੂਸ ਕਰਦੇ ਹਾਂ। ਜੇ ਪਾਕਿਸਤਾਨ ਸਾਡੇ ਵਿੱਚ ਮਿਲਾ ਦਿੱਤਾ ਜਾਵੇ ਤਾਂ ਇਸ ਦੇ ਪੰਜ ਰਾਜਾਂ ਵਿੱਚੋਂ ਇੱਕ ਵੀ ਸ਼ਾਂਤ ਨਹੀਂ। ਜਿਹੜਾ ਭਾਰਤ ਆਪਣੇ ਪਹਿਲੇ ਚਾਰ-ਪੰਜ ਰਾਜਾਂ ਵਿੱਚ ਚੱਲਦੀ ਬਦ-ਅਮਨੀ ਸੰਭਾਲਣ ਵਿੱਚ ਔਖ ਮਹਿਸੂਸ ਕਰਦਾ ਹੈ, ਉਹ ਤੁਹਾਡੇ ਵਾਲੇ ਪੰਜ ਹੋਰ ਮਿਲਾ ਕੇ ਮੁਸੀਬਤ ਵਿੱਚ ਵਾਧਾ ਕਰਨ ਦੀ ਬੇਵਕੂਫੀ ਕਦੇ ਨਹੀਂ ਕਰੇਗਾ। ਸਾਡੇ ਢਾਈ ਦਰਜਨ ਰਾਜਾਂ ਦੇ ਲੋਕਾਂ ਦੀ ਕਮਾਈ ਪਹਿਲਾਂ ਇਨ੍ਹਾਂ ਚਾਰ-ਪੰਜ ਰਾਜਾਂ ਨੂੰ ਸੰਭਾਲਣ ਉੱਤੇ ਲੱਗਦੀ ਹੈ, ਫਿਰ ਤੁਹਾਡੇ ਵਾਲੇ ਪੰਜ ਰਾਜਾਂ ਵਿੱਚ ਵੀ ਫੌਜਾਂ ਲਾਉਣੀਆਂ ਅਤੇ ਉਨ੍ਹਾਂ ਦਾ ਖਰਚਾ ਆਪਣੇ ਸਿਰ ਲੈਣਾ ਪਵੇਗਾ। ਏਦਾਂ ਦੀ ਬੇਵਕੂਫੀ ਅਸੀਂ ਨਹੀਂ ਸੋਚਾਂਗੇ। ਉਸ ਦੀ ਇਸ ਦਲੀਲ ਉੱਤੇ ਪਾਕਿਸਤਾਨੀ ਮੀਡੀਆ ਕਈ ਦਿਨ ਵੱਖ-ਵੱਖ ਪੱਖਾਂ ਤੋਂ ਚਰਚਾ ਕਰਦਾ ਰਿਹਾ ਸੀ।

ਹਾਲਾਤ ਵਿੱਚ ਉਸ ਦੇ ਬਾਅਦ ਕਿਸੇ ਤਰ੍ਹਾਂ ਦਾ ਸੁਖਾਵਾਂ ਮੋੜ ਭਾਰਤ ਵਿੱਚ ਨਹੀਂ ਆਇਆ, ਚਾਰ ਰਾਜਾਂ ਦੀ ਹਾਲਤ ਸੁਧਰੇ ਤਾਂ ਪੰਜ ਹੋਰਨਾਂ ਦੀ ਵਿਗੜ ਜਾਂਦੀ ਹੈ ਅਤੇ ਨਾ ਪਾਕਿਸਤਾਨ ਦੇ ਹਾਲਾਤ ਸੁਧਰੇ ਹਨ। ਜਿਹੜੀ ਦਲੀਲ ਮਣੀ ਸ਼ੰਕਰ ਅਈਅਰ ਨੇ ਓਦੋਂ ਦਿੱਤੀ ਸੀ, ਭਾਰਤ ਦੀ ਨੀਤੀ ਦਾ ਹਿੱਸਾ ਅੱਜ ਵੀ ਉਹੀ ਹੋ ਸਕਦੀ ਹੈ। ਪਾਕਿਸਤਾਨ ਵਿੱਚ ਵੀ ਸਥਿਤੀ ਨਾ ਸਿਰਫ ਅਮਨ-ਕਾਨੂੰਨ ਖਰਾਬ ਹੋਣ ਪੱਖੋਂ ਓਦੋਂ ਵਾਲੀ ਜਾਂ ਉਸ ਤੋਂ ਵੱਧ ਖਰਾਬ ਹੋ ਚੁੱਕੀ ਹੈ, ਸਗੋਂ ਓਥੇ ਫੌਜੀ ਜਕੜ ਵੀ ਉਸ ਦੇਸ਼ ਦੀ ਨਬਜ਼ ਉੱਤੇ ਓਦੋਂ ਵਾਂਗ ਪੱਕੀ ਹੈ ਅਤੇ ਇਹ ਧਾਰਨਾ ਕਾਇਮ ਹੈ ਕਿ ਉਸ ਦੇਸ਼ ਨੂੰ ਭਾਰਤ ਵੱਲੋਂ ਹੜੱਪੇ ਜਾਣ ਤੋਂ ਬਚਾਉਣਾ ਹੈ ਤਾਂ ਫੌਜ ਦੀ ਸਰਦਾਰੀ ਨੂੰ ਚੈਲਿੰਜ ਨਾ ਕਰੋ। ਜਿਹੜਾ ਕੋਈ ਆਗੂ ਕਦੀ ਫੌਜ ਦੀ ਇਸ ਸਰਦਾਰੀ ਨੂੰ ਚੁਣੌਤੀ ਦੇਣ ਦੀ ਮਾੜੀ-ਮੋਟੀ ਵਿਚਾਰ ਕਰਨ ਲੱਗਦਾ ਹੈ, ਉਸ ਦੀ ਕੁਰਸੀ ਦੇ ਪਾਵੇ ਕੱਟੇ ਜਾਂਦੇ ਹਨ ਤੇ ਅਗਲੇ ਹਫਤੇ ਸੜਕ ਸਵਾਰ ਹੋਣਾ ਪੈ ਜਾਂਦਾ ਹੈ। ਇਸ ਕਰ ਕੇ ਪ੍ਰਧਾਨ ਮੰਤਰੀ ਓਥੇ ਜਿਹੜਾ ਵੀ ਬਣ ਜਾਵੇ, ਜਿਹੜੀਆਂ ਧਾਰਨਾਵਾਂ ਨਾਲ ਓਥੋਂ ਦੀ ਫੌਜੀ ਕਮਾਂਡ ਚੱਲਦੀ ਹੈ ਤੇ ਜਿਵੇਂ ਓਥੇ ਰਾਜਨੀਤੀ ਅੱਜ ਤੱਕ ਵੀ ਫੌਜੀ ਕਮਾਂਡ ਦੀ ਅਧੀਨਗੀ ਹੇਠ ਚੱਲਦੀ ਹੈ, ਭਾਰਤ-ਪਾਕਿ ਸੰਬੰਧਾਂ ਵਿੱਚ ਸੁਧਾਰ ਦੀ ਵੱਡੀ ਇੱਛਾ ਦੇ ਬਾਵਜੂਦ ਵੱਡੇ ਸੁਫਨੇ ਨਹੀਂ ਲਏ ਜਾ ਸਕਦੇ।

# ਤੇਰੀ ਕਣਕ ਦੀ ਰਾਖੀ ਮੁੰਡਿਆ...



-ਜਸਪ੍ਰੀਤ ਕੌਰ ਸੰਘਾ-

ਪੰਜਾਬੀ ਲੋਕ ਗੀਤ ਪੰਜਾਬੀਆਂ ਦੀ ਜੀਵਨ ਜਾਚ ਦੀ ਬਾਤ ਬਹੁਤ ਸੁਚੱਜੇ ਢੰਗ ਨਾਲ ਪਾਉਂਦੇ ਹਨ। ਇਸੇ ਕਰ ਕੇ ਪੰਜਾਬ ਦੇ ਕਿਸਾਨੀ ਜੀਵਨ ਬਾਰੇ ਵੀ ਸਾਡੇ ਲੋਕ ਗੀਤਾਂ ਵਿੱਚ ਠੋਕ ਕੇ ਗੱਲ ਕੀਤੀ ਗਈ ਹੈ। ਸਾਡੇ ਪੁਰਖਿਆਂ ਨੇ ਕਿਰਤ ਦਾ ਸਭਿਆਚਾਰ ਦਿੱਤਾ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰ ਕੇ ਇੱਥੋਂ ਦਾ ਜੀਵਨ ਫਸਲਾਂ ਨਾਲ ਨੇੜਿਓਂ ਜੁੜਿਆ ਹੈ। ਇੱਥੋਂ ਦੀ ਮਿੱਟੀ ਉਪਜਾਊ ਹੋਣ ਕਾਰਨ ਸਾਰਾ ਸਾਲ ਖੇਤ ਫਸਲਾਂ ਨਾਲ ਲਹਿਰਾਉਂਦੇ ਰਹਿੰਦੇ ਹਨ। ਸਾਰਾ ਸਾਲ ਅੰਨਦਾਤਾ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਹੈ। ਕਣਕ, ਚੌਲ, ਮੱਕੀ, ਕਪਾਹ, ਗੰਨਾ ਆਦਿ ਪੰਜਾਬ ਦੀਆਂ ਮੁੱਖ ਫਸਲਾਂ ਹਨ।

ਕਣਕ ਹਾੜ੍ਹੀ ਰੁੱਤ ਦੀ ਮੁੱਖ ਫਸਲ ਹੈ। ਆਮ ਤੌਰ ਉੱਤੇ ਪੰਜਾਬ ਵਿੱਚ ਨਵੰਬਰ ਮਹੀਨੇ ਵਿੱਚ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ ਤੇ ਛੇ ਮਹੀਨੇ ਦੀ ਮਿਹਨਤ ਤੋਂ ਬਾਅਦ ਅਪ੍ਰੈਲ ਵਿੱਚ ਇਸ ਦੀ ਵਾਢੀ ਕੀਤੀ ਜਾਂਦੀ ਹੈ। ਕਿਸਾਨ ਕਣਕ ਦੀ ਫਸਲ ਨੂੰ ਪੁੱਤਾਂ ਵਾਂਗ ਪਾਲਦੇ ਹਨ। ਪਹਿਲਾਂ ਇਹ ਪੋਹ ਦੀਆਂ ਠੰਢੀਆਂ ਰਾਤਾਂ ਜਾਗ ਕੇ ਇਸ ਨੂੰ ਪਾਣੀ ਲਾਉਂਦੇ ਹਨ, ਫਿਰ ਵਿਸਾਖ ਦੀਆਂ ਧੁੱਪਾਂ ਵਿੱਚ ਕਣਕ ਦੀ ਵਾਢੀ ਕਰਦੇ ਹਨ।

ਸਾਡੇ ਲੋਕ ਗੀਤਾਂ ਵਿੱਚ ਵੀ ਕਣਕ ਦੀ ਫਸਲ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ ਜਿਵੇਂ :

ਕਦੀ ਉਡਾਵਾਂ ਤਿੱਤਰ ਬਟੇਰੇ, ਕਦੇ ਉਡਾਵਾਂ ਕਾਂ
ਜਿੰਦ ਮਲੂਕ ਜਿਹੀ ਏ ਮੇਰੀ, ਵੇ ਮੈਂ ਕਿੱਧਰ ਕਿੱਧਰ ਜਾਂ
ਜੇ ਅੱਡੀ ਮਾਰ ਉਡਾਵਾਂ, ਮੇਰੀ ਝਾਂਜਰ ਲਹਿੰਦੀ
ਤੇਰੀ ਕਣਕ ਦੀ ਰਾਖੀ ਮੁੰਡਿਆ,ਵੇ ਮੈਂ ਨਾ ਬਹਿੰਦੀ।

ਚੇਤ ਮਹੀਨੇ ਵਿੱਚ ਕਣਕਾਂ ਰੰਗ ਵਟਾ ਲੈਂਦੀਆਂ ਹਨ। ਕਣਕਾਂ ਹਰੇ ਕਚੂਰ ਰੰਗ ਨੂੰ ਬਦਲ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਹਨ। ਇਸੇ ਕਰ ਕੇ ਚੇਤ ਮਹੀਨੇ ਮੀਂਹ ਦੀ ਉਡੀਕ ਨਹੀਂ ਕੀਤੀ ਜਾਂਦੀ ਕਿਉਂਕਿ ਓਦੋਂ ਪਿਆ ਮੀਂਹ ਫਸਲਾਂ ਨੂੰ ਨੁਕਸਾਨ ਪੁਚਾਉਂਦਾ ਹੈ। ਇਸੇ ਕਾਰਨ ਜਦੋਂ ਚੇਤ ਮਹੀਨੇ ਕਾਲੀਆਂ ਘਟਾਵਾਂ ਚੜ੍ਹਦੀਆਂ ਹਨ ਤਾਂ ਇਨ੍ਹਾਂ ਕਾਲੀਆਂ ਘਟਾਵਾਂ ਨੂੰ ਵੇਖ ਕੇ ਕਿਸਾਨ ਖੁਸ਼ ਹੋਣ ਦੀ ਥਾਂ ਉਦਾਸ ਹੋ ਜਾਂਦਾ ਹੈ। ਲੰਬੀ ਮਿਹਨਤ ਤੋਂ ਬਾਅਦ ਜਦੋਂ ਕਣਕ ਦੀ ਫਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤਾਂ ਸੋਨੇ ਰੰਗੀ ਕਣਕ ਵੇਖ ਕੇ ਕਿਸਾਨ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਇਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਬਾਖੂਬੀ ਕੀਤਾ ਗਿਆ ਹੈ ਜਿਵੇਂ :

ਜੱਟ ਸ਼ਾਹਾਂ ਨੂੰ ਖੰਘੂਰੇ ਮਾਰੇ
ਕਣਕਾਂ ਨਿੱਸਰਦੀਆਂ।

ਵਿਸਾਖੀ ਦਾ ਤਿਉਹਾਰ ਨੇੜੇ ਆਉਂਦਾ ਵੇਖ ਕਣਕ ਦੀ ਵਾਢੀ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ ਕਿਉਂਕਿ ਵਿਸਾਖੀ ਦੇ ਤਿਉਹਾਰ ਨੂੰ ਕਣਕ ਦੀ ਫਸਲ ਨਾਲ ਜੋੜਿਆਜਾਂਦਾ ਹੈ। ਵਿਸਾਖੀ ਦੇ ਦਿਨ ਹੀ ਕਿਸਾਨ ਕਣਕ ਦੀ ਵਾਢੀ ਦੀ ਸ਼ੁਰੂਆਤ ਦਾ ਸ਼ਗਨ ਕਰਦੇ ਹਨ, ਜਿਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਵੀ ਮਿਲਦਾ ਹੈ :

ਆਈ ਹੈ ਵਿਸਾਖੀ ਰਿਹਾ ਨਾ ਸ਼ੱਕ ਮਿੱਤਰੋ
ਪੁੱਤਾਂ ਵਾਂਗ ਪਾਲੀ ਹਾੜ੍ਹੀ ਗਈ ਪੱਕ ਮਿੱਤਰੋ
ਵਾਢੀ ਕਰਨ ਲਈ ਬੰਨ੍ਹ ਲਓ ਲੱਕ ਮਿੱਤਰੋ।

ਅੱਜ ਜਿਉਂ ਜਿਉਂ ਸਮਾਂ ਬਦਲ ਰਿਹਾ ਹੈ, ਤਿਉਂ ਤਿਉਂ ਖੇਤੀ ਤਕਨੀਕ ਵਿੱਚ ਬਦਲਾਅ ਆ ਰਿਹਾ ਹੈ। ਅੱਜ ਕਣਕ ਦੀ ਵਾਢੀ ਕੰਬਾਈਨ ਨਾਲ ਕਰ ਲਈ ਜਾਂਦੀ ਹੈ, ਪਹਿਲਾਂ ਵਾਢੀ ਹੱਥੀਂ ਕੀਤੀ ਜਾਂਦੀ ਹੋਣ ਕਾਰਨ ਵਾਢੀ ਦੀਆਂ ਤਿਆਰੀਆਂ ਵੀ ਪਹਿਲਾਂ ਆਰੰਭ ਕੀਤੀਆਂ ਜਾਂਦੀਆਂ ਸਨ। ਸਭ ਤੋਂ ਪਹਿਲਾਂ ਕਣਕ ਦਆਂ ਭਰੀਆਂ ਬੰਨ੍ਹਣ ਲਈ ਬੇੜਾਂ ਵੱਟੀਆਂ ਜਾਂਦੀਆਂ ਹਨ, ਜਿਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਇਸ ਤਰ੍ਹਾਂ ਕੀਤਾ ਗਿਆ ਹੈ :

ਚਾੜ੍ਹ ਦਿਉ ਬੇੜਾਂ ਨੂੰ ਦੁਵੱਲੇ ਵੱਟ ਮਿੱਤਰੋ।
ਕਣਕ ਚੱਲੀ ਆ ਦਿਨਾਂ ਵਿੱਚ ਪੱਕ ਮਿੱਤਰੋ।

ਕਣਕ ਦੀ ਫਸਲ ਦੀ ਕਟਾਈ ਸਾਰੇ ਪਰਵਾਰ ਵੱਲੋਂ ਮਿਲ ਕੇ ਹੱਥੀਂ ਦਾਤੀਆਂ ਨਾਲ ਕੀਤੀ ਜਾਂਦੀ ਸੀ। ਵਾਢੀ ਵਿੱਚ ਬਾਬੇ ਤੋਂ ਲੈ ਕੇ ਪੋਤਰੇ ਤੱਕ ਸਭ ਪਰਵਾਰਕ ਮੈਂਬਰ ਯੋਗਦਾਨ ਪਾਉਂਦੇ ਸਨ। ਘਰ ਦੀਆਂ ਔਰਤਾਂ ਵੀ ਕਣਕ ਵਾਢੀ ਵਿੱਚ ਮਰਦਾਂ ਦੇ ਬਰਾਬਰ ਯੋਗਦਾਨ ਪਾਉਂਦੀਆਂ ਸਨ, ਜਿਸ ਦਾ ਜ਼ਿਕਰ ਲੋਕ ਗੀਤਾਂ ਵਿੱਚ ਵਾਰ-ਵਾਰ ਆਉਂਦਾ ਹੈ ਜਿਵੇਂ :

ਹੱਥੀਂ ਦਾਤੀ ਚੰਦਨ ਦਾ ਦਸਤਾ
ਲੱਛੋ ਕੁੜੀ ਵਾਢੀਆਂ ਕਰੇ।

ਇਸੇ ਤਰ੍ਹਾਂ :

ਹਾੜ੍ਹੀ ਵੱਢੂੰਗੀ ਬਰਾਬਰ ਤੇਰੇ
ਦਾਤੀ ਨੂੰ ਲਵਾ ਦੇ ਘੁੰਗਰੂ।

ਕਣਕ ਦੀ ਵਾਢੀ ਸਮੇਂ ਕੋਈ ਵਿਹਲਾ ਨਹੀਂ ਰਹਿੰਦਾ। ਕਿਸਾਨ, ਮਜ਼ਦੂਰ ਮਿਲ ਕੇ ਵਾਢੀ ਕਰਦੇ ਸਨ। ਤਰਖਾਣ ਤੇ ਲੁਹਾਰ ਕਿਸਾਨਾਂ ਨੂੰ ਦਾਤੀਆਂ ਤਿਆਰ ਕਰ ਕੇ ਦਿੰਦੇ ਸਨ ਤੇ ਪਿੰਡ ਦੇ ਝਿਊਰ ਪਿੱਛੋਂ ਖੇਤਾਂ ਵਿੱਚ ਪਾਣੀ ਵਰਤਾਉਂਦੇ ਸਨ। ਸਾਰਾ ਦਿਨ ਵਾਢੀ ਦਾ ਕੰਮ ਚੱਲਦਾ ਸੀ। ਸ਼ਾਮ ਪੈਣ ਉੱਤੇ ਵੱਢੀ ਕਣਕ ਦੀਆਂ ਭਰੀਆਂ ਬੰਨ੍ਹੀਆਂ ਜਾਂਦੀਆਂ ਤਾਂ ਕਿ ਮੀਂਹ ਹਨੇਰੀ ਆਉਣ ਉੱਤੇ ਵੱਢੀ ਹੋਈ ਕਣਕ ਨੂੰ ਆਸਾਨੀ ਨਾਲ ਸੰਭਾਲਿਆ ਜਾ ਸਕੇ। ਸਾਰੀ ਵਾਢੀ ਖਤਮ ਹੋਣ ਤੋਂ ਬਾਅਦ ਮਸ਼ੀਨ ਰਾਹੀਂ ਕਣਕ ਕੱਢ ਲਈ ਜਾਂਦੀ ਸੀ। ਦਾਣੇ ਘਰ ਲਿਆ ਕੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਮਨਾਇਆ ਜਾਂਦਾ ਸੀ ਅਤੇ ਤੂੜੀ ਕੁੱਪ ਬੰਨ੍ਹ ਕੇ ਸੰਭਾਲ ਲਈ ਜਾਂਦੀ ਸੀ, ਜੋ ਫਿਰ ਸਾਰਾ ਸਾਲ ਪਸ਼ੂਆਂ ਦੇ ਚਾਰੇ ਦੇ ਕੰਮ ਆਉਂਦੀ ਸੀ :

ਸੁੱਖ ਮੰਗੀਏ ਵਾਢੀਏ
ਅਗਲੇ ਸਾਲ ਫਿਰ ਆਵੀਂ
ਰਿਜ਼ਕ ਦੇ ਗੱਡੇ ਭਰ ਕੇ
ਫਿਰ ਅਗਲੇ ਸਾਲ ਲਿਆਵੀਂ।

ਅੱਜ ਦੇ ਮਸ਼ੀਨੀ ਯੁੱਗ ਵਿਚ ਕਣਕ ਦੀ ਵਾਢੀ ਦਾ ਉਹ ਪੁਰਾਣਾ ਢੰਗ ਬਦਲ ਗਿਆ ਹੈ। ਅੱਜ ਹੱਥੀਂ ਵਾਢੀ ਕਰਦੇ ਕਿਸਾਨ ਘੱਟ ਹੀ ਵੇਖਣ ਨੂੰ ਮਿਲਦੇ ਹਨ। ਕਣਕ ਦੀ ਵਢਾਈ ਕੰਬਾਈਨਾਂ ਨਾਲ ਹੋਣ ਲੱਗੀ ਹੈ ਜਿਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਹੱਥੀਂ ਕੰਮ ਕਰਨ ਦਾ ਰਿਵਾਜ ਖਤਮ ਹੁੰਦਾ ਜਾਂਦਾ ਹੈ। ਦੂਸਰਾ ਕੰਬਾਈਨ ਨਾਲ ਵਢਾਈ ਕਰਵਾਉਣ ਨਾਲ ਸਮੇਂ ਦੀ ਬੱਚਤ ਹੋ ਜਾਂਦੀ ਹੈ ਅਤੇ ਮੌਸਮ ਦੀ ਮਾਰ ਦੇ ਡਰ ਦੇ ਕਾਰਨ ਕਿਸਾਨ ਕੰਬਾਈਨ ਨਾਲ ਕਣਕ ਦੀ ਵਢਾਈ ਕਰਵਾਉਣਾ ਠੀਕ ਸਮਝਦੇ ਹਨ ਕਿਉਂਕਿ ਇਸ ਨਾਲ ਦਿਨਾਂ ਦਾ ਕੰਮ ਘੰਟਿਆਂ ਵਿੱਚ ਹੋ ਜਾਂਦਾ ਹੈ। ਕੁਝ ਵੀ ਹੋਵੇ ਜੋ ਰੌਣਕਾਂ ਕਣਕ ਦੀ ਵਾਢ ਸਮੇਂ ਪਹਿਲਾਂ ਪਿੰਡਾਂ ਵਿੱਚ ਲੱਗਦੀਆਂ ਸਨ, ਉਹ ਰੌਣਕਾਂ ਅੱਜ ਨਹੀਂ ਰਹੀਆਂ।

## ਕਹਾਣੀ

## ਭਾਰੀਆਂ ਪੰਡਾਂ

-ਕੁਲਵੰਤ ਘੋਲੀਆ

ਦੋ ਤਿੰਨ ਘਰਾਂ ਦਾ ਕੰਮ ਸਮੇਟ ਸੁਵਖਤੇ ਹੀ ਕਾਹਲੇ ਕਾਹਲੇ ਕਦਮੀਂ ਤਾਰੋ ਸਰਦਾਰਾਂ ਦੀ ਹਵੇਲੀ ਦੇ ਵੱਡੇ ਦਰਵਾਜ਼ੇ ਜਾ ਪਹੁੰਚੀ।ਸਾਹਮਣੇ ਆਉਂਦੇ ਲੰਬੜਾਂ ਦੇ ਭੋਲੇ ਨੂੰ ਵੇਖ ਕੇ ਤਾਰੋ ਨੇ ਚੁੰਨੀ ਦਾ ਇੱਕ ਪਾਸਾ ਸਿਰ ਉੱਤੇ ਲੈ, ਮੂੰਹ ਵਿੱਚ ਘੁੱਟ ਲਿਆ।ਪਿੱਛੋਂ ਜਾਂਦੇ ਨੂੰ ਚੋਰ ਅੱਖਾਂ ਜਿਹੀਆਂ ਨਾਲ ਵੇਖਿਆ, ''ਇਹ ਦਾ ਰੋਜ਼ ਹੀ ਆਉਣਾ-ਜਾਣਾ ਸਰਦਾਰਾਂ ਦੇ. ਭਲਾ ਇਹੋ ਜਿਹਾ ਕੀ ਕੰਮ ਆ ਪਿਆ ਇਹਨੂੰ। ਹਾਂ ਸੱਚ, ਯਾਦ ਆਇਆ, ਆਹ ਤਾਂ ਲੋਕਾਂ ਦੇ ਜੁਆਕਾਂ ਨੂੰ ਜਹਾਜ਼ੇ ਬਿਠਾਉਂਦਾ, ਵੱਡੇ ਵੱਡੇ ਮੁਲਕਾਂ ਨੂੰ ਭੇਜਦਾ। ਪਤਾ ਨ੍ਹੀਂ ਕਿਹੜੀ ਗਿੱਦੜਸਿੰਙੀ ਆ ਇਹਦੇ ਕੋਲ, ਜੀਹਨੂੰ ਇੱਕ ਵਾਰ ਹਾਮੀ ਭਰਦੈ ਜਹਾਜ਼ੇ ਬਿਠਾ ਕੇ ਛੱਡਦਾ। ਆਹ ਵੱਡੇ ਸ਼ਹਿਰ ਇਹਦੀ ਵਾਹਵਾ ਬਣਦੀ ਆ ਏਜੰਟਾਂ ਨਾਲ। ਰੱਬ ਵੀ ਨਾ ਤਕੜਿਆਂ ਵੱਲ ਹੀ ਹੋ ਬੈਠਦੈ। ਆਹ ਪਿਛਲੇ ਹਫਤੇ ਸਰਪੰਚਾਂ ਦੇ ਮੁੰਡੇ ਨੂੰ ਏਸੇ ਨੇ ਭੇਜਿਆ ਬਾਹਰਲੇ ਦੇਸ਼, ਉਹ ਵਾਹਵਾ ਪੜ੍ਹਿਆ ਲਿਖਿਆ ਸੀ, ਕਹਿੰਦੇ ਵਾਹਵਾ ਨੰਬਰ ਲਏ ਸੀ ਉਹਨੇ ਬਾਹਰ ਜਾਣ ਲਈ, ਪਰ ਆਹ ਸਰਦਾਰਾਂ ਦੇ ਕੋਈ ਬਾਹਲਾ ਪੜ੍ਹਿਆ ਲਿਖਿਆ ਹੈਨੀ, ਭਲਾ ਫਿਰ ਰੋਜ਼ ਗੇੜਾ ਕਿਉਂ ਮਾਰਦੈ। ਲੈ ਦੱਸ ਕਮਲੀ, ਭਲਾ ਮੈਂ ਕੀ ਲੈਣਾ। ਕੋਈ ਆਵੇ ਕੋਈ ਜਾਵੇ।''

ਖੁਦ ਨੂੰ ਝਿੜਕਾਂ ਦਿੰਦੀ ਤਾਰੋ ਹਵੇਲੀ ਦੇ ਅੰਦਰ ਜਾ ਪਹੁੰਚੀ।

''ਆ ਜਾ ਨੀ ਤਾਰੋਂ, ਲੈ ਤੈਨੂੰ ਉਡੀਕਦੀ ਪਈ ਸੀ'', ਅੰਦਰੋਂ ਜਾਲੀ ਵਾਲੀ ਬਾਰੀ ਖੋਲ੍ਹ ਸਰਦਾਰਨੀ ਨੇ ਤਾਰੋ ਨੂੰ ਵੇਖ ਆਖਿਆ।

''ਭਾਈ ਤਾਰੋ, ਜਲਦੀ ਆ ਜਿਆ ਕਰ। ਸਾਫ ਸਫਾਈਆਂ ਬਹੁਤ ਪਈਆਂ ਨੇ ਕਰਨ ਵਾਲੀਆਂ।''

''ਕੀ ਦੱਸਾਂ ਸਰਦਾਰਨੀਏ, ਤੈਨੂੰ ਪਤਾ ਈ ਐ, ਕਬੀਲਦਾਰੀ ਵੱਡੀ ਐ। ਕੋਠੇ ਜਿੱਡੀਆਂ ਹੋ ਗਈਆਂ ਦੋਵੇਂ ਧੀਆਂ। ਉਤੋਂ ਹਲੇ ਪੜ੍ਹਦੀਆਂ ਨੇ। ਕਹਿੰਦੀਆਂ ਪੜ੍ਹ ਲਿਖ ਜਹਾਜ਼ੇ ਬੈਠਣਾ। ਵੱਡੇ ਮੁਲਕ ਵਿੱਚ ਪੜ੍ਹਨ ਜਾ ਕੇ।ਕਹਿੰਦੇ ਪੰਡ ਪੈਸਿਆਂ ਦੀ ਲੱਗਦੀ ਐ ਵੱਡੇ ਮੁਲਖ ਪੜ੍ਹਨ ਲਈ, ਭਲਾ ਸਾਡੇ ਗਰੀਬਾਂ ਕੋਲ ਕੀ ਆ ਸਰਦਾਰਨੀਏ। ਆਹ ਪੰਜ ਚਾਰ ਘਰਾਂ ਵਿੱਚ ਗੋਹਾ ਕੂੜਾ ਕਰਦੀ ਆਂ ਤਾਂ ਪੰਡ ਕੱਖਾਂ ਦੀ ਮਿੱਲ ਜਾਂਦੀ ਐ। ਚੌਥੇ ਸੂਏ ਮੱਝ ਨੇ ਕੱਟੀ ਦਿੱਤੀ ਐ, ਸੁੱਖ ਨਾਲ ਦੁੱਧ ਹੋ ਗਿਆ ਘਰੇ। ਦੋ ਡੰਗ ਡੇਅਰੀ ਪਾ ਦੇਈ ਦਾ, ਕੁੜੀਆਂ ਦੀ ਫੀਸ ਨਿਕਲ ਆਉਂਦੀ ਐ। ਆਹ ਜਹਾਜ਼ਾਂ ਵਿੱਚ ਬੈਠਣ ਵਾਲੀਆਂ ਗੱਲਾਂ ਤਾਂ ਸਾਡੇ ਗਰੀਬਾਂ ਲਈ ਸੁਫਨੇ ਹੀ ਨੇ।''ਉਦਾਸ ਜਿਹੀ ਹੋ ਤਾਰੋ ਨੇ ਝਾੜੂ ਜਾ ਚੁੱਕਿਆ। ਤਾਰੋ ਦੀ ਗੱਲ ਸੁਣ ਜਿਵੇਂ ਸਰਦਾਰਨੀ ਦੇ ਅੰਦਰਲੇ ਵਲਵਲੇ ਬਾਹਰ ਆ ਗਏ, ''ਉਰੇ ਆ ਕੁੜੇ ਤਾਰੋ, ਤੈਨੂੰ ਇੱਕ ਅੰਦਰਲੀ ਦੱਸਾਂ।''

''ਦੱਸ ਸਰਦਾਰਨੀਏ।''

''ਆਹ ਲੰਬੜਾਂ ਦਾ ਭੋਲਾ ਰਿਸ਼ਤਾ ਲੈ ਕੇ ਆਇਆ ਆਪਣੀ ਰੱਜੀ ਲਈ। ਮੁੰਡਾ ਵੱਡੇ ਮੁਲਕ ਰਹਿੰਦੈ। ਸਾਰਾ ਟੱਬਰ ਪੱਕਾ ਉਥੇ। ਇਧਰ ਆਏ ਹੋਏ ਐ ਮੁੰਡੇ ਦਾ ਵਿਆਹ ਕਰਨ। ਭੋਲੇ ਨੇ ਆਪਣੀ ਰੱਜੀ ਦੀ ਗੱਲ ਚਲਾਈ ਤੇ ਉਹ ਮੰਨ ਗਏ। ਆਹ ਪੰਦਰਾਂ ਦਿਨਾਂ ਦੇ ਅੰਦਰ ਵਿਆਹ ਧਰ'ਤਾ। ਵਿਆਹ ਤੋਂ ਬਾਅਦ ਆਪਣੀ ਰੱਜੀ ਵੀ ਵੱਡੇ ਮੁਲਕ ਚਲੀ ਜਾਊਗੀ।''

ਸਰਦਾਰਨੀ ਨੇ ਦੋਵੇਂ ਹੱਥ ਜੋੜ ਅੱਖਾਂ ਮੀਚ ਜਿਵੇਂ ਰੱਬ ਦਾ ਸ਼ੁਕਰਾਨਾ ਜਿਹਾ ਕੀਤਾ।

ਤਾਰੋ ਗਹਿਰ ਗੰਭੀਰ ਜਿਹੀ ਹੋ ਗਈ। ਸਰਦਾਰਨੀ ਦੀ ਕਹੀ ਗੱਲ ਜਿਵੇਂ ਉਸ ਦੀ ਸੋਚ ਤੋਂ ਪਾਰ ਹੋ ਗਈ। ਚੁੱਪ ਤੋੜ ਤਾਰੋ ਝੱਟ ਬੋਲੀ, ''ਸਰਦਾਰਨੀਏ, ਮੇਰੀ ਵੱਡੀ ਧੀ ਕਹਿੰਦੀ, ਪੜ੍ਹਨਾ ਬਹੁਤ ਪੈਂਦਾ, ਫਿਰ ਕਿਤੇ ਜਾ ਕੇ ਬਾਹਰਲੇ ਮੁਲਕ ਜਾਇਆ ਜਾਂਦਾ। ਤੇ ਆਹ ਥੋਡੀ ਰੱਜੀ ਤਾਂ ਮੈਨੂੰ ਪਤਾ ਦਸਵੀਂ ਤੋਂ ਬਾਅਦ ਸਕੂਲੇ ਹੀ ਨਹੀਂ ਗਈ।''ਤਾਰੋ ਨੇ ਜਿਵੇਂ ਸੱਪ ਦੀ ਪੂਛ ਉੱਤੇ ਪੈਰ ਧਰ ਦਿੱਤਾ। ਸਰਦਾਰਨੀ ਅੰਦਰੋਂ ਤੜਪ ਉਠੀ, ਪਰ ਜ਼ੁਬਾਨੋਂ ਕੁਝ ਨਾ ਬੋਲੀ।

''ਲੈ ਆ ਪੜ੍ਹਾਈਆਂ ਵੀ ਕਈ ਵਾਰ ਕੰਮ ਨ੍ਹੀਂ ਆਉਂਦੀਆਂ। ਪੈਸੇ ਦੀ ਖੇਡ ਆ ਤਾਰੋ, ਨਾਲੇ ਸਾਨੂੰ ਕਾਹਦਾ ਘਾਟਾ। ਪੈਸਿਆਂ ਦੀ ਪੰਡ ਦੇਣੀ ਐ ਅਗਲਿਆਂ ਨੂੰ ਤੇ ਉਹ ਵੀ ਝੱਟ ਮੰਨ ਗਏ।'' ਸਰਦਾਰਨੀ ਦੇ ਅੰਦਰਲਾ ਹੰਕਾਰੀ ਸੱਪ ਹੁਣ ਫੁੰਕਾਰੇ ਮਾਰਦਾ ਨਜ਼ਰ ਆਇਆ।

''ਚੱਲ ਸਰਦਾਰਨੀਏ ਰੱਬ ਭਲੀ ਕਰੇ, ਧੀਆਂ ਦੀ ਕਿਸਮਤ, ਕੀ ਪਤਾ ਕਿੱਧਰ ਲੈ ਜਾਣਾ।'' ਤੇ ਮੂੰਹ ਵਿੱਚ ਕੋਈ ਗਾਣਾ ਗੁਣਗੁਣਾਉਂਦੀ ਤਾਰੋ ਵਿਹੜਾ ਹੂੰਝਣ ਲੱਗੀ।

''ਕੁੜੇ ਤਾਰੋ, ਆਹ ਭਲਾ ਤੂੰ ਕੀ ਗਾਉਂਦੀ ਰਹਿਨੀ ਏਂ, ਕੀ ਮਤਲਬ ਆ ਇਹਦਾ?''

''ਸਰਦਾਰਨੀਏ, ਥੋਡੀ ਸਮਝੋਂ ਪਰ੍ਹੇ ਆ, ਜੀਹਦੇ ਸਿਰ ਉੱਤੇ ਪੈਂਦੀਆਂ ਉਹੀ ਜਾਣਦੈ ਇਸ ਦਾ ਮਤਲਬ। ਕੁਝ ਸੁਫਨੇ ਬੜੇ ਵੱਡੇ ਹੁੰਦੇ ਆ ਸਰਦਾਰਨੀਏ, ਉਹ ਸੁੱਤੇ ਰਹਿ ਕੇ ਨਹੀਂ, ਜਾਗਦੀਆਂ ਅੱਖਾਂ ਨਾਲ ਪੂਰੇ ਕੀਤੇ ਜਾਂਦੇ ਆ।ਸੂਰਜ ਨਾਲ ਅੱਖ ਨਾਲ ਅੱਖ ਮਿਲਾ ਕੇ, ਨਾਲੇ ਸਾਡੇ ਵਿਹੜਿਆਂ ਵਿੱਚ ਤਾਂ ਇਹ ਸੂਰਜ ਚੜ੍ਹਦੇ ਨਹੀਂ, ਚੜ੍ਹਾਉਣੇ ਪੈਂਦੇ ਆ।''

''ਚੱਲ ਛੱਡ ਤਾਰੋ, ਮੈਨੂੰ ਨੀ ਸਮਝ ਆਉਂਦੀਆਂ ਤੇਰੀਆਂ ਉਰਲੀਆਂ-ਪਰਲੀਆਂ! ਇਉਂ ਕਰੀਂ ਆਹ ਪੰਦਰਾਂ ਦਿਨ ਹੋਰਾਂ ਘਰਾਂ ਦਾ ਕੰਮ ਕਰਨਾ ਛੱਡ ਦੇ ਜਾਂ ਆਵਦੀਆਂ ਧੀਆਂ ਨੂੰ ਭੇਜ ਦਿਆ ਕਰੀਂ ਪੈਸੇ ਚਾਰ ਵੱਧ ਲੈ ਲਈ। ਨਾਲੇ ਪਸ਼ੂਆਂ ਨੂੰ ਕੱਖ ਦੀ ਪੰਡ ਵੀ ਏਧਰੋਂ ਲੈ ਜਾਇਆ ਕਰੀਂ। ਕੱਲ੍ਹ ਤੋਂ ਹਵੇਲੀ ਸਮੇਂ ਨਾਲ ਆ ਜਾਵੀਂ।''

ਸ਼ਾਮ ਢਲੀ ਤਾਰੋ ਨੇ ਸਾਰੇ ਕੰਮ ਨਿਪਟਾ, ਪੱਠਿਆਂ ਦੀ ਪੰਡ ਵੱਢ ਲਈ ਤੇ ਇੱਕੋ ਝਟਕੇ ਪੰਡ ਸਿਰ ਉੱਤੇ ਰੱਖ ਲਈ।

''ਚੰਗਾ ਸਰਦਾਰਨੀਏ ਚਲਦੀ ਆਂ, ਘਰ ਦੇ ਕੰਮ ਵੀ ਕਰਨੇ ਆ, ਜਾ ਕੇ। ਕੱਲ੍ਹ ਨੂੰ ਸੁਵੱਖਤੇ ਆਜੂੰ ਮੈਂ।''

ਬੂਹੇ ਅੰਦਰ ਵੜਦੀ ਦੀ ਵੱਡੀ ਧੀ ਨੇ ਭੱਜ ਕੇ ਤਾਰੋ ਦੇ ਸਿਰੋਂ ਪੱਠਿਆਂ ਦੀ ਪੰਡ ਲੁਹਾ ਦਿੱਤੀ।

''ਕੀ ਗੱਲ ਮਾਂ, ਅੱਜ ਆਥਣ ਕਰ ਦਿੱਤਾ। ਏਡਾ ਕਿਹੜਾ ਕੰਮ ਆਣ ਪਿਆ?''

''ਧੀਏ, ਸਰਦਾਰਨੀ ਦੀ ਕੁੜੀ ਦਾ ਵਿਆਹ ਧਰ'ਤਾ।''

''ਅੱਛਾ, ਰੱਜੀ ਦਾ, ਹਾਂ ਉਹ ਮੇਰੇ ਨਾਲ ਹੀ ਪੜ੍ਹਦੀ ਹੁੰਦੀ ਸੀ, ਪਰ ਸਕੂਲੋਂ ਹਟ ਗਈ ਸੀ।''

''ਮੁੰਡਾ ਵੱਡੇ ਮੁਲਕੋਂ ਆਇਆ ਹੋਇਆ ਤੇ ਵਿਆਹ ਕਰਵਾ ਕੇ ਰੱਜੀ ਨਾਲ ਜਾਊ ਬਾਹਰਲੇ ਮੁਲਕ। ਐਂ ਭਲਾ ਕਿਵੇਂ ਹੋਜੂ, ਨਾਲੇ ਕਹਿੰਦੇ ਵੱਡੇ ਮੁਲਕਾਂ ਵਿੱਚ ਜਾਣ ਲਈ ਪੜ੍ਹਨਾ ਪੈਂਦਾ। ਆਹ ਨੰਬਰ ਨੂੰਬਰ ਜੇ ਲੈਣੇ ਪੈਂਦੇ ਆ।''

''ਓ ਹੋ ਮਾਂ, ਤੂੰ ਜਮ੍ਹਾਂ ਭੋਲੀ ਆਂ। ਇਹ ਵੀ ਇੱਕ ਅਮੀਰਾਂ ਦੀ ਸਕੀਮ ਈ ਆ। ਇਹਨੂੰ ਵਿਆਹ ਘੱਟ ਤੇ ਸੌਦੇਬਾਜ਼ੀ ਜ਼ਿਆਦਾ ਕਹਿੰਦੇ ਆ।''

ਸੌਦੇਬਾਜ਼ੀ ਸ਼ਬਦ ਸੁਣ ਕੇ ਤਾਰੋ ਫਿਰ ਗੰਭੀਰ ਸੋਚਾਂ ਵਿੱਚ ਪੈ ਗਈ।

''ਵਾਗਰੂ ਵਾਗਰੂ ਭਲਾ ਇੰਝ ਵੀ ਆਪਣੇ ਧੀਆਂ ਪੁੱਤਾਂ ਦੇ ਸੌਦੇ ਹੁੰਦੇ ਆ।''

''ਚੱਲ ਛੱਡ ਮਾਂ, ਤੂੰ ਕਿਹੜੀਆਂ ਸੋਚਾਂ ਵਿੱਚ ਪੈ ਗਈ। ਨਹਾ ਲੈ, ਰੋਟੀ ਬਣੀ ਐ। ਭੁੱਖ ਲੱਗੀ ਐ। ਚੱਲ ਖਾਈਏ।''

ਤਾਰੋ ਦੀ ਜ਼ਿੰਦਗੀ ਜਿਵੇਂ ਆਪਣੀਆਂ ਧੀਆਂ ਦੁਆਲੇ ਘੁੰਮਦੀ ਰਹੀ। ਕਦੇ ਕੰਮ ਤੋਂ ਮੂੰਹ ਨਾ ਮੁੜਿਆ, ਬੱਸ ਧੀਆਂ ਨੂੰ ਪੜ੍ਹਾਉਂਦੀ ਰੀਹ। ਸਾਲ ਬੀਤ ਗਿਆ ਤੇ ਵੱਡੀ ਧੀ ਨੂੰ ਪੜ੍ਹ ਲਿਖ ਨੌਕਰੀ ਮਿਲ ਗਈ। ਅਖੀਰ ਚੰਗਾ ਘਰ-ਬਾਰ ਵੇਖ ਕੇ ਉਸ ਦਾ ਵਿਆਹ ਕਰ ਦਿੱਤਾ।ਧੀ ਆਪਣੀ ਮਾਂ ਦੀ ਪੂਰੀ ਮਦਦ ਕਰਦੀ। ਉਸ ਨੂੰ ਘਰਾਂ ਵਿੱਚ ਗੋਹਾ ਕੂੜਾ ਨਾ ਕਰਨ ਦਿੰਦੀ, ਪਰ ਜਿਨ੍ਹਾਂ ਨੇ ਜੰਮਦਿਆਂ ਹੀ ਵੱਡੀਆਂ ਕਬੀਲਦਾਰੀਆਂ ਢੋਈਆਂ ਹੋਣ, ਉਹ ਵਿਹਲੇ ਕਿਸ ਤਰ੍ਹਾਂ ਬੈਠ ਸਕਦੇ ਨੇ। ਇੱਕ ਮੱਝ ਤਾਂ ਤਾਰੋ ਦੀ ਪੱਕੀ ਹੀ ਰੱਖੀ ਹੋਈ ਸੀ।ਅੱਜ ਕਈ ਦਿਨਾਂ ਬਾਅਦ ਤਾਰੋ ਹਵੇਲੀ ਵੱਲ ਹੋ ਗਈ। ਅੰਦਰ ਵੜਦਿਆਂ ਹੀ ਸਾਹਮਣੇ ਬੈਠੀ ਸਰਦਾਰਨੀ ਨੇ ਤਾਰੋ ਨੂੰ ਵੇਖ ਕੇ ਅੱਜ ਕੋਈ ਹੁੰਗਾਰਾ ਜਿਹਾ ਨਾ ਭਰਿਆ।

''ਕੀ ਗੱਲ ਸਰਦਾਰਨੀਏ ਉਦਾਸੀ ਕਿਉਂ ਏਂ?''

ਲੰਮਾ ਜਿਹਾ ਹਉਕਾ ਲੈ ਸਰਦਾਰਨੀ ਨੇ ਮਸਾਂ ਗੱਲ ਸ਼ੁਰੂ ਕੀਤੀ, ''ਭਾਈ ਤਾਰੋ, ਤੇਰੀਆਂ ਉਰਲੀਆਂ-ਪਰਲੀਆਂ ਉਸ ਸਮੇਂ ਸਮਝੋ ਬਾਹਰ ਸੀ, ਪਰ ਅੱਕ ਅੱਖਾਂ ਮੂਹਰੇ ਬੀਤ ਗਈਆਂ। ਸੱਚਮੁੱਚ ਸੁਫਨੇ ਸੁੱਤੇ ਰਹਿ ਕੇ ਨਹੀਂ ਖੁੱਲ੍ਹੀਆਂ ਅੱਖਾਂ ਨਾਲ ਪੂਰੇ ਹੁੰਦੇ ਆ, ਸੂਰਜ ਨਾਲ ਅੱਖ ਨਾਲ ਅੱਖ ਮਿਲਾ ਕੇ, ਪਰ ਅਸੀਂ ਖੁੱਲ੍ਹੀਆਂ ਅੱਖਾਂ ਉੱਤੇ ਪੱਟੀ ਹੀ ਬੰਨ੍ਹ ਲਈ। ਸਭ ਦਿਸਦੇ ਹੋਏ ਵੀ ਕੁਝ ਵੇਖ ਨਾ ਸਕੇ।''

''ਕੀ ਬੁਝਾਰਤਾਂ ਜਿਹੀਆਂ ਪਾਈ ਜਾਨੀ ਏਂ ਸਰਦਾਰਨੀਏ, ਸਭ ਠੀਕ ਤਾਂ ਹੈ?'' ਤਾਰੋ ਨੇ ਫਿਕਰ ਜਿਹੇ ਨਾਲ ਪੁੱਛਿਆ।

''ਤਾਰੋ ਤੈਨੂੰ ਪਤਾ ਈ ਐ ਰੱਜੀ ਦੇ ਵਿਆਹ ਉੱਤੇ ਕਿੰਨਾ ਪੈਸ ਦਿੱਤਾ ਤੇ ਕਿੰਨਾ ਲੱਗਿਆ। ਧੀ ਦੇ ਚੰਗੇ ਭਵਿੱਖ ਲਈ ਉਹਨੂੰ ਬਾਹਰਲੇ ਮੁਲਕ ਤੋਰਿਆ, ਪਰ ਉਥੇ ਜਾ ਕੇ ਪਤਾ ਲੱਗਿਆ ਕਿ ਉਹ ਮੁੰਡਾ ਪਹਿਲਾਂ ਵਿਆਹਿਆ ਹੋਇਆ ਏ ਤੇ ਦੋ ਜੁਆਕ ਵੀ ਨੇ ਉਥੇ, ਪਰ ਕਰ ਕੀ ਸਕਦੇ ਆਂ। ਰੱਜੀ ਔਖੀ ਸੌਖੀ ਛੇ ਮਹੀਨੇ ਰਹੀ ਤੇ ਵਾਪਸ ਆ ਗਈ। ਉਹ ਆਪਣੀ ਨਾਨੀ ਕੋਲ ਰਹਿੰਦੀ ਐ। ਇੱਕੋ ਗੱਲ ਆਖਦੀ ਆ ਕਿ ਅਸੀਂ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਰੋਜ਼ ਥਾਣੇ ਕਚਹਿਰੀਆਂ ਵਿੱਚ ਜਾ ਕੇ ਖੱਜਲ ਖੁਆਰ ਹੋਏ ਪਏ ਆਂ। ਅੱਗੋਂ ਕੁਝ ਨਹੀਂ ਦਿਸਦਾ। ਬੱਸ ਇੱਕੋ ਫਿਕਰ ਆ ਕਿ ਕਰਜ਼ੇ ਦੀ ਭਾਰੀ ਪੰਡ ਸਿਰੋਂ ਕਿਵੇਂ ਲੱਥੂਗੀ। ਅਸੀਂ ਤਾਂ ਆਪਣਾ ਸਭ ਕੁਝ ਗਵਾ ਲਿਆ।''

ਅੱਜ ਤਾਰੋ ਨੂੰ ਸੱਚਮੁੱਚ ਹਵੇਲੀਆਂ ਅੰਦਰਲਾ ਦਰਦ ਮਹਿਸੂਸ ਹੋਇਆ।

''ਸਰਦਾਰਨੀਏ ਗੁੱਸਾ ਨਾ ਕਰੀਂ, ਪਰ ਇੱਕ ਗੱਲ ਏ। ਉਹ ਤੁਸੀਂ ਵਿਆਹ ਨਹੀਂ ਸੀ ਕੀਤਾ, ਸੌਦੇਬਾਜ਼ੀ ਕੀਤੀ ਸੀ। ਆਪਣੀ ਧੀ ਵੇਚੀ ਸੀ। ਤੇ ਅਜਿਹੀ ਖਰੀਦ-ਵੇਚ ਵਿੱਚ ਵਾਧੇ ਘਾਟੇ ਤਾਂ ਪੈਂਦੇ ਹੀ ਰਹਿੰਦੇ ਨੇ।''

ਇੰਨਾ ਆਖਦੀ ਆਖਦੀ ਤਾਰੋ ਨੇ ਪੱਠਿਆਂ ਦੀ ਪੰਡ ਵੱਢ ਇੱਕੋ ਝਟਕੇ ਨਾਲ ਸਿਰ ਉੱਤੇ ਧਰ ਲਈ।ਤੁਰੀ ਜਾਂਦੀ ਤਾਰੋ ਨੂੰ ਪਿੱਛੋਂ ਫੇਰ ਸਰਦਾਰਨੀ ਨੇ ਆਵਾਜ਼ ਮਾਰੀ, ''ਤਾਰੋ, ਏਨੀ ਭਾਰੀ ਪੱਠਿਆਂ ਦੀ ਪੰਡ ਤੂੰ ਕਿਵੇਂ ਚੁੱਕ ਲੈਨੀ ਏਂ?''

''ਸਰਦਾਰਨੀਏ, ਇਹ ਭਾਰ ਸਾਨੂੰ ਢਿੱਡੋਂ ਜੰਮਦੀਆਂ ਨੂੰ ਮਹਿਸੂਸ ਹੋਣ ਲੱਗ ਪਿਆ ਸੀ, ਪਰ ਇੱਕ ਗੱਲ ਆਖਾਂ! ਥੋਡੇ ਸਿਰ ਉੱਤੇ ਪਏ ਭਾਰ ਤੋਂ ਕਈ ਗੁਣਾ ਹੌਲੀਆਂ ਨੇ ਇਹ ਪੰਡਾਂ। ਇਹ ਪੰਡਾਂ ਰੋਟੀ ਵੀ ਦਿੰਦੀਆਂ ਤੇ ਸੁੱਖ ਦੀ ਨੀਂਦ ਵੀ। ਸਬਰ ਸੰਤੋਖ ਨਾਲ ਜਿਊਣਾ ਵੀ ਸਿਖਾਉਂਦੀਆਂ ਨੇ।''

ਏਨਾ ਆਖ ਤਾਰੋ ਹਵੇਲੀਓਂ ਬਾਹਰ ਹੋ ਗਈ। ਅੱਜ ਤਾਰੋ ਨੂੰ ਸੱਚਮੁੱਚ ਭਾਰੀਆਂ ਪੰਡਾਂ ਉੱਤੇ ਮਾਣ ਜਿਹਾ ਮਹਿਸੂਸ ਹੋਣ ਲੱਗਾ। ਉਹ ਉਚੀ ਆਵਾਜ਼ ਵਿੱਚ ਗਾਉਂਦੀ ਘਰ ਨੂੰ ਪਰਤ ਗਈ ''ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।''

## ਬਿਊਟੀ ਟਿਪਸ

## ਟੈਨਿੰਗ ਤੋਂ ਪ੍ਰੇਸ਼ਾਨ ਹੋ ਤਾਂ ਕਰੋ ਸੰਤਰੇ ਦਾ ਇਸਤੇਮਾਲ

ਸਕਿਨ ਟੈਨ ਹੋਣਾ ਅੱਜਕੱਲ੍ਹ ਆਮ ਗੱਲ ਹੈ। ਬਹੁਤ ਜ਼ਿਆਦਾ ਧੁੱਪ ਵਿੱਚ ਘੁੰਮਣਾ ਜਾਂ ਸੂਰਜ ਦੀਆਂ ਹਾਨੀਕਾਰਕ ਅਲਟਰ ਵਇਲੈਟ ਕਿਰਨਾਂ ਨਾਲ ਸਕਿਨ ਦੀ ਟੈਨਿੰਗ ਹੋਣਾ ਯਾਨੀ ਸਕਿਨ ਦਾ ਰੰਗ ਕਾਲਾ ਪੈਣ ਆਮ ਹੈ। ਮਾਹਰਾਂ ਦੀ ਮੰਨਣਾ ਹੈ ਕਿ ਸੰਤਰੇ ਦੇ ਇਸਤੇਮਾਲ ਨਾਲ ਟੈਨਿੰਗ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਸਕਿਨ ਦਾ ਰੰਗ ਸਾਫ ਹੁੰਦਾ ਹੈ। ਟੈਨਿੰਗ ਤੋਂ ਛੁਟਕਾਰਾ ਪਾਉਣ ਲਈ ਇੱਕ ਵੱਡਾ ਚਮਚ ਚਮਚ ਸੰਤਰੇ ਦੇ ਛਿਲਕੇ ਦਾ ਪਾਊਡਰ, ਇੱਕ ਚੁਟਕੀ ਹਲਦੀ, ਕੈਲੇਮਾਈਨ ਪਾਊਡਰ ਜਾਂ ਚੰਦਨ ਪਾਊਡਰ ਅਤੇ ਸ਼ਹਿਦ ਦੀਆਂ ਕੁਝ ਬੂੰਦਾਂ ਮਿਲਾ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ ਉੱਤੇ ਲਗਾ ਕੇ ਹਲਕੇ ਹੱਥਾਂ ਨਾਲ ਇੱਕ ਮਿੰਟ ਮਲੋ ਅਤੇ ਇਸ ਨੂੰ ਪੰਜ ਮਿੰਟ ਤੱਕ ਲੱਗਾ ਰਹਿਣ ਦਿਓ, ਫਿਰ ਇਸ ਨੂੰ ਪਣੀ ਨਾਲ ਧੋ ਲਓ।

ਸੰਤਰੇ ਦੇ ਰਸ ਵਿੱਚ ਸਾਈਟ੍ਰਿਕ ਐਸਿਡ ਹੁੰਦਾ ਹੈ, ਜੋ ਕੁਦਰਤੀ ਰੂਪ ਤੋਂ ਬਲੀਚਿੰਗ ਦਾ ਕੰਮ ਕਰਦਾ ਹੈ। ਜੇ ਤੁਸੀਂ ਚਾਹੋ ਤਾਂ ਸੰਤਰੇ ਦੇ ਜੂਸ ਨੂੰ ਆਈਸ ਟ੍ਰੇਅ ਵਿੱਚ ਫਰੀਜ ਕਰ ਸਕਦੇ ਹੋ ਅਤੇ ਬਾਅਦ ਵਿੱਚ ਫਰੈਸ਼ ਲੁਕ ਦੇ ਲਈ ਇਸ ਨੂੰ ਚਿਹਰੇ ਉੱਤੇ ਲਾ ਸਕਦੇ ਹੋ। ਤੁਸੀਂ ਸੰਤਰੇ ਦਾ ਗੁੱਦਾ ਵੀ ਚਿਹਰੇ ਉੱਤੇ ਮਲ ਸਕਦੇ ਹੋ। ਟੈਨਿੰਗ ਦੇ ਅਸਰ ਨੂੰ ਘੱਟ ਕਰਨ ਲਈ ਅਜਿਹਾ ਨਿਯਮਿਤ ਰੂਪ ਨਾਲ ਕਰੋ। ਸੰਤਰੇ ਨਾਲ ਤਿਆਰ ਕੀਤੇ ਬਿਊਟੀ ਪ੍ਰੋਡਕਸ ਦਾ ਇਸਤੇਮਾਲ ਕਰੋ। ਸੰਤਰੇ ਦੇ ਛਿਲਕੇ ਵਿੱਚ ਵਿਟਾਮਿਨ ਸੀ ਅਤੇ ਐਂਟੀ ਆਕਸੀਡੈਂਟ ਮੌਜੂਦ ਹੁੰਦਾ ਹੈ। ਇਹ ਕੁਦਰਤੀ ਕਲੀਜਰ ਦਾ ਕੰਮ ਕਰਦਾ ਹੈ, ਜਦ ਕਿ ਸ਼ਹਿਦ ਸਕਿਨ ਵਿੱਚ ਨਿਖਾਰ ਲਿਆਉਂਦਾ ਹੈ।



# ਜ਼ਮਾਨਤ ਦੇ ਹੁਕਮ ਵਿੱਚ ਸੋਧ ਵਾਸਤੇ ਸੁਖਪਾਲ ਖਹਿਰਾ ਹਾਈ ਕੋਰਟ ਪੁੱਜੇ



ਚੰਡੀਗੜ੍ਹ, 17 ਅਪ੍ਰੈਲ (ਪੋਸਟ ਬਿਊਰੋ)- ਜ਼ਿਲਾ ਕਪੂਰਥਲਾ ਦੇ ਹਲਕਾ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਉਨ੍ਹਾਂ ਨੂੰ ਮਨੀ ਲਾਂਡਰਿੰਗ ਕੇਸ ਵਿੱਚ ਜਨਵਰੀ ਵਿੱਚ ਮਿਲੀ ਜ਼ਮਾਨਤ ਦੇ ਹੁਕਮਾਂ ਵਿੱਚ ਸੋਧ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਹਾਈ ਕੋਰਟ ਵਿੱਚ ਇੱਕ ਅਰਜ਼ੀ ਦੇ ਕੇ ਹੁਕਮ ਵਿੱਚ ਸੋਧ ਦੀ ਮੰਗ ਕੀਤੀ ਹੈ।

ਪਤਾ ਲੱਗਾ ਹੈ ਕਿ ਸੁਖਪਾਲ ਸਿੰਘ ਖਹਿਰਾ ਨੇ ਆਪਣੀ ਅਰਜ਼ੀ ਵਿੱਚ ਕਿਹਾ ਹੈ ਕਿ ਹਾਈ ਕੋਰਟ ਨੇ ਜ਼ਮਾਨਤ ਦੇ ਹੁਕਮ ਦਿੰਦਿਆਂ ਕਿਹਾ ਸੀ ਕਿ ਉਹ ਪੰਜਾਬ ਹਰਿਆਣਾ ਹਾਈ ਕੋਰਟ ਦੇ ਅਧਿਕਾਰ ਖੇਤਰ ਤੋਂ ਬਾਹਰ ਨਹੀਂ ਜਾ ਸਕਦੇ। ਉਨ੍ਹਾਂ ਅਰਜ਼ੀ ਵਿੱਚ ਕਿਹਾ ਕਿ ਹਿਮਾਚਲ ਅਤੇ ਗੁਜਰਾਤ ਵਿੱਚ ਵਿਧਾਨ ਸਭਾ ਚੋਣ ਹੋਣ ਵਾਲੀ ਹੈ ਤੇ ਉਨ੍ਹਾਂ ਦੀ ਪਾਰਟੀ ਉਥੋਂ ਚੋਣਾਂ ਲੜ ਰਹੀ ਹੋਣ ਕਰ ਕੇ ਉਹ ਪਾਰਟੀ ਦਾ ਚੋਣ ਪ੍ਰਚਾਰ ਕਰਨ ਲਈ ਜਾਣਾ ਚਾਹੁੰਦੇ ਹਨ, ਪਰ ਹਾਈ ਕੋਰਟ ਦੇ ਹੁਕਮ ਕਾਰਨ ਨਹੀਂ ਜਾ ਸਕਣਗੇ। ਇਸੇ ਤਰ੍ਹਾਂ ਮਨੀ ਲਾਂਡਰਿੰਗ ਕੇਸ ਵਿੱਚ ਈ ਡੀ ਨੇ 18 ਅਪ੍ਰੈਲ ਨੂੰ ਦਿੱਲੀ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ ਹੈ ਅਤੇ ਹਾਈ ਕੋਰਟ ਦੇ ਹੁਕਮ ਕਾਰਨ ਉਹ ਉਥੇ ਵੀ ਨਹੀਂ ਜਾ ਸਕਦੇ, ਇਸ ਲਈ ਇਸ ਹੁਕਮ ਵਿੱਚ ਸੋਧ ਕੀਤੀ ਜਾਵੇ ਤਾਂ ਜੋ ਉਹ ਇਸ ਹਾਈ ਕੋਰਟ ਦੇ ਅਧਿਕਾਰ ਖੇਤਰ ਤੋਂ ਬਾਹਰ ਜਾ ਸਕਣ।

# ਪੁਲਸ ਵਰਦੀ ਵਿੱਚ ਆਏ ਲੁਟੇਰਿਆਂ ਨੇ ਬਠਿੰਡਾ ਵਿੱਚ ਦੋ ਨੌਜਵਾਨ ਅਗਵਾ ਕਰ ਕੇ 42 ਲੱਖ ਰੁਪਏ ਲੁੱਟੇ

ਬਠਿੰਡਾ, 17 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਤੜਕੇ ਬਠਿੰਡਾ ਦੇ ਇੱਕ ਹੋਟਲ ਵਿੱਚ ਠਹਿਰੇ ਦੋ ਨੌਜਵਾਨਾਂ ਨੂੰ ਪੁਲਸ ਵਰਦੀ ਵਿੱਚ ਆਏ ਲੁਟੇਰਿਆਂ ਨੇ ਅਗਵਾ ਕਰਨ ਪਿੱਛੋਂ ਉਨ੍ਹਾਂ ਤੋਂ 42 ਲੱਖ ਰੁਪਏ ਲੁੱਟ ਲਏ। ਥਾਣਾ ਸਿਵਲ ਲਾਈਨ ਦੀ ਪੁਲਸ ਨੇ ਸਾਜ਼ਿਸ਼ ਕਰਤਾ ਅੰਮ੍ਰਿਤਸਰ ਦੇ ਇੱਕ ਏਜੰਟ ਅਤੇ ਉਸ ਦੇ ਸਾਥੀ ਅਤੇ ਪੰਜ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕਰ ਲਿਆ ਅਤੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਖਬਰ ਅਨੁਸਾਰ ਗੁਰਪ੍ਰੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਟਿਆਲਾ ਅਤੇ ਉਸ ਦਾ ਦੋਸਤ ਵਰਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਫਰੀਦਕੋਟ ਪਰਸੋਂ ਰਾਤ ਬਠਿੰਡਾ ਦੇ ਹਨੂੰਮਾਨ ਚੌਕ ਦੇ ਫਾਈਵ ਰਿਵਰ ਹੋਟਲ ਦੇ ਕਮਰੇ ਵਿੱਚ ਠਹਿਰੇ ਸਨ ਤੇ ਉਨ੍ਹਾਂ ਕੋਲ 42 ਲੱਖ ਰੁਪਏ ਸਨ, ਜਿਨ੍ਹਾਂ ਵਿੱਚ 17 ਲੱਖ ਰੁਪਏ ਭਾਰਤੀ ਕਰੰਸੀ ਤੇ 25 ਲੱਖ ਰੁਪਏ ਅਮਰੀਕੀ ਡਾਲਰ ਸਨ। ਗੁਰਪ੍ਰੀਤ ਨੇ ਦੱਸਿਆ ਕਿ ਉਨ੍ਹਾਂ ਦੇ ਦੋਸਤ ਸ਼ਵਿੰਦਰਪ੍ਰੀਤ ਸਿੰਘ ਤੇ ਉਸ ਦੇ ਦੋਸਤ ਦੀਪਕ ਸ਼ਰਮਾ ਵਾਸੀ ਪਟਿਆਲਾ ਨੇ ਕੈਨੇਡਾ ਜਾਣਾ ਸੀ, ਜਿਸ ਲਈ ਇਹ ਰਾਸ਼ੀ ਉਸ ਦੇ ਦੋਸਤ ਨੇ ਏਜੰਟ ਜਗਦੀਸ਼ ਸਿੰਘ ਉਰਫ ਲੱਕੀ ਪੁੱਤਰ ਅਜੀਤ ਸਿੰਘ ਵਾਸੀ ਅੰਮ੍ਰਿਤਸਰ ਨੂੰ



ਦੇਣ ਲਈ ਉਨ੍ਹਾਂ ਨੂੰ ਬਠਿੰਡਾ ਭੇਜਿਆ ਸੀ। ਜਗਦੀਸ਼ ਨੇ ਸ਼ਵਿੰਦਰਪ੍ਰੀਤ ਤੇ ਦੀਪਕ ਸ਼ਰਮਾ ਨੂੰ ਕੈਨੇਡਾ ਭੇਜਣ ਬਦਲੇ 42 ਲੱਖ ਰੁਪਏ ਖਰਚ ਆਉਣ ਦੀ ਗੱਲ ਕਹੀ ਸੀ ਤੇ ਇਹ 42 ਲੱਖ ਰੁਪਏ ਉਨ੍ਹਾਂ ਸ਼ਵਿੰਦਰਪ੍ਰੀਤ ਤੇ ਦੀਪਕ ਕੁਮਾਰ ਦੇ ਜੈਪੁਰ ਹਵਾਈ ਅੱਡੇ ਤੋਂ ਕੈਨੇਡਾ ਪਹੁੰਚਣ ਮਗਰੋਂ ਜਗਦੀਸ਼ ਸਿੰਘ ਲੱਕੀ ਦੇ ਭੇਜੇ ਹੋਏ ਨਿਸ਼ਾਨ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਨੂਰਪੁਰ ਬੇਟ, ਜ਼ਿਲਾ ਲੁਧਿਆਣਾ ਨੂੰ ਦੇਣੇ ਸਨ। ਲੱਕੀ ਦੇ ਬਣਾਏ ਪ੍ਰੋਗਰਾਮ ਮੁਤਾਬਕ ਨਿਸ਼ਾਨ ਸਿੰਘ ਉਨ੍ਹਾਂ ਦੇ ਨਾਲ ਵਾਲੇ ਕਮਰੇ ਵਿੱਚ ਠਹਿਰਿਆ ਹੋਇਆ ਸੀ ਤੇ ਖੁਦ ਲੱਕੀ ਸ਼ਵਿੰਦਰਪ੍ਰੀਤ ਸਿੰਘ ਤੇ ਦੀਪਕ ਨੂੰ ਲੈ ਕੇ ਜੈਪੁਰ ਚਲਾ ਗਿਆ ਸੀ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਰਾਤ ਨਿਸ਼ਾਨ ਸਿੰਘ ਨੇ ਸਾਡੇ ਕਮਰੇ ਵਿੱਚ ਆ ਕੇ 42 ਲੱਖ ਰੁਪਏ ਚੈੱਕ ਵੀ ਕੀਤੇ। ਕੱਲ੍ਹ ਸਵੇਰੇ ਕਰੀਬ ਪੰਜ ਵਜੇ ਨਿਸ਼ਾਨ ਸਿੰਘ ਨੇ ਉਨ੍ਹਾਂ ਦਾ ਦਰਵਾਜ਼ਾ ਖੁੱਲ੍ਹਵਾਇਆ ਤਾਂ ਫਿਰ ਪੁਲਸ ਵਰਦੀ ਵਿੱਚ ਤਿੰਨ ਜਣੇ ਸਿਵਲ ਕੱਪੜਿਆਂ ਵਾਲੇ ਦੋ ਹੋਰਨਾਂ ਨਾਲ ਨਿਸ਼ਾਨ ਸਿੰਘ ਉਨ੍ਹਾਂ ਦੇ ਕਮਰੇ ਵਿੱਚ ਦਾਖਲ ਹੋਏ, ਜਿਨ੍ਹਾਂ ਚੈਕਿੰਗ ਦੀ ਗੱਲ ਕਰ ਕੇ ਕਿਹਾ ਕਿ ਤੁਸੀਂ ਚਿੱਟੇ ਦਾ ਕੰਮ ਕਰਦੇ ਹੋ, ਤੁਹਾਡੇ ਕੋਲ ਡਰੱਗ ਮਨੀ ਹੈ। ਇਸ ਮੌਕੇ ਉਨ੍ਹਾਂ ਨਕਦੀ ਵਾਲਾ ਲਿਫਾਫਾ ਚੁੱਕਿਆ ਤੇ ਪਿਸਤੌਲ ਦਿਖਾ ਕੇ ਹੋਏ ਕਿਹਾ ਕਿ ਅਸੀਂ ਸੀ ਆਈ ਏ ਸਟਾਫ ਦੇ ਮੁਲਾਜ਼ਮ ਹਾਂ, ਨਾਲ ਚੱਲੋ, ਏਨਾ ਕਹਿ ਕੇ ਉਨ੍ਹਾਂ ਨੂੰ ਹੋਟਲ ਤੋਂ ਬਾਹਰ ਲੈ ਗਏ ਤੇ ਇੱਕ ਸਵਿਫਟ ਡਿਜ਼ਾਇਰ ਕਾਰ ਵਿੱਚ ਬਿਠਾ ਕੇ ਮਲੋਟ ਰੋਡ ਹੁੰਦੇ ਹੋਏ ਬਹਿਮਣ ਦੀਵਾਨਾ ਪਿੰਡ ਕੋਲ ਉਤਾਰ ਗਏ। ਥਾਣਾ ਸਿਵਲ ਲਾਈਨ ਦੇ ਇੰਚਾਰਜ ਹਰਵਿੰਦਰ ਸਿੰਘ ਸਰਾਂ ਨੇ ਦੱਸਿਆ ਕਿ ਗੁਰਪ੍ਰੀਤ ਸਿੰਘ ਵਾਸੀ ਪਟਿਆਲਾ ਦੇ ਬਿਆਨਾਂ ਉੱਤੇ ਜਗਦੀਸ਼ ਸਿੰਘ ਲੱਕੀ, ਨਿਸ਼ਾਨ ਸਿੰਘ ਤੇ ਪੰਜ-ਛੇ ਅਣਪਛਾਤੇ ਲੋਕਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ, ਪਰ ਅਜੇ ਗ੍ਰਿਫਤਾਰੀ ਕਿਸੇ ਦੀ ਨਹੀਂ ਹੋਈ।

# ਟੋਭੇ ਵਿੱਚ ਨਹਾਉਣ ਗਏ ਦੋ ਸਕੇ ਭਰਾਵਾਂ ਦੀ ਡੁੱਬ ਕੇ ਮੌਤ

ਮਾਹਿਲਪੁਰ, 17 ਅਪ੍ਰੈਲ (ਪੋਸਟ ਬਿਊਰੋ)- ਏਥੋਂ ਨੇੜਲੇ ਪਿੰਡ ਢਾਡਾ ਖੁਰਦ ਦੇ ਦੋ ਸਕੇ ਭਰਾ ਨਹਾਉਣ ਲਈ ਟੋਭੇ ਉੱਤੇ ਆਏ, ਪ੍ਰੰਤੂ ਟੋਭੇ ਦੀ ਡੂੰਘਾਈ ਦਾ ਅੰਦਾਜ਼ਾ ਨਾ ਲਾ ਸਕੇ ਅਤੇ ਡੁੱਬ ਗਏ। ਖੇਤਾਂ ਵਿੱਚ ਕੰਮ ਕਰਦੇ ਲੋਕਾਂ ਨੇ ਜਦੋਂ ਤੱਕ ਪਹੁੰਚ ਕੀਤੀ, ਉਦੋਂ ਤੱਕ ਦੋਵੇਂ ਭਰਾ ਡੁੱਬ ਚੁੱਕੇ ਸਨ। ਥਾਣਾ ਮਾਹਿਲਪੁਰ ਦੇ ਮੁਖੀ ਬਲਵਿੰਦਰ ਪਾਲ ਸਿੰਘ ਟੀਮ ਨਾਲ ਮੌਕੇ ਉੱਤੇ ਪਹੁੰਚੇ ਅਤੇ ਦੋ ਘੰਟੇ ਦੀ ਜੱਦੋ-ਜਹਿਦ ਬਾਅਦ ਦੋਵਾਂ ਬੱਚਿਆਂ ਨੂੰ ਬਾਹਰ ਕੱਢਿਆ। ਮਿਲੀ ਜਾਣਕਾਰੀ ਅਨੁਸਾਰ ਛਿੰਦਰਪਾਲ ਵਾਸੀ ਪਾਲਦੀ ਨੇ ਪੁਲਸ ਨੂੰ ਦੱਸਿਆ ਕਿ ਉਹ ਕੱਲ੍ਹ ਢਾਈ ਵਜੇ ਦੇ ਕਰੀਬ ਆਪਣੇ ਦੋਵੇਂ ਪੁੱਤਰਾਂ ਅਜੈ (11) ਅਤੇ ਗੋਵਿੰਦਾ (9) ਨਾਲ ਪਿੰਡ ਢਾਡਾ ਖੁਰਦ ਦੇ ਬਾਹਰ ਲੱਕੜਾਂ ਇਕੱਠੀਆਂ ਕਰਨ ਲਈ ਗਏ ਸਨ। ਉਸ ਨੇ ਦੱਸਿਆ ਕਿ ਉਹ ਆਪਣੇ ਲੜਕਿਆਂ ਤੋਂ ਕੁਝ ਦੂਰ ਲੱਕੜਾਂ ਇਕੱਠੀਆਂ ਕਰ ਰਿਹਾ ਸੀ ਤਾਂ ਦੋਵੇਂ ਪੁੱਤਰ ਅੱਖ ਬਚਾਅ ਕੇ ਟੋਭੇ ਵਿੱਚ ਨਹਾਉਣ ਲੱਗ ਪਏ। ਅਚਾਨਕ ਦੋਵਾਂ ਦੇ ਪੈਰ ਤਿਲਕ ਗਏ ਅਤੇ ਉਹ ਟੋਭੇ ਵਿੱਚ ਡਿੱਗ ਪਏ। ਉਸ ਨੇ ਦੱਸਿਆ ਕਿ ਹਾਦਸਾ ਵਾਪਰਨ ਦਾ ਉਸ ਨੂੰ ਓਦੋਂ ਪਤਾ ਲੱਗਾ, ਜਦੋਂ ਟੋਭੇ ਵਿੱਚੋਂ ਬਚਾਓ-ਬਚਾਓ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਉਸ ਦੇ ਰੌਲਾ ਪਾਉਣ ਉੱਤੇ ਆਸਪਾਸ ਖੇਤਾਂ ਵਿੱਚ ਕੰਮ ਕਰਦੇ ਲੋਕ ਇਕੱਠੇ ਹੋ ਗਏ, ਪ੍ਰੰਤੂ ਤਦ ਤੱਕ ਉਸ ਦੇ ਦੋਵੇਂ ਲੜਕੇ ਡੂੰਘੇ ਪਾਣੀ ਦੇ ਹੇਠਾਂ ਜਾ ਚੁੱਕੇ ਸਨ। ਥਾਣਾ ਮੁਖੀ ਬਲਵਿੰਦਰ ਪਾਲ ਪੁਲਸ ਪਾਰਟੀ ਨਾਲ ਮੌਕੇ ਉੱਤੇ ਪਹੁੰਚੇ ਅਤੇ ਉਨ੍ਹਾਂ ਨੇ ਤੈਰਨਾ ਜਾਣਦੇ ਪਰਵਾਸੀ ਮਜ਼ਦੂਰਾਂ ਦੀ ਸਹਾਇਤਾ ਨਾਲ ਦੋ ਘੰਟੇ ਦੀ ਮੁਸ਼ਕਲ ਤੋਂ ਬਾਅਦ ਦੋਵਾਂ ਨੂੰ ਮ੍ਰਿਤਕ ਬਾਹਰ ਕੱਢਿਆ।

# ਅਨਾਜ ਮੰਡੀ ਵਿੱਚ ਮਜ਼ਦੂਰਾਂ ਦੀ ਲੜਾਈ ਵਿੱਚ ਇੱਕ ਦੀ ਮੌਤ



ਸੰਗਤ ਮੰਡੀ, 17 ਅਪ੍ਰੈਲ (ਪੋਸਟ ਬਿਊਰੋ)- ਸੰਗਤ ਮੰਡੀ ਦੀ ਅਨਾਜ ਮੰਡੀ ਵਿੱਚ ਮਜ਼ਦੂਰਾਂ ਦੇ ਦੋ ਗੁੱਟਾਂ ਵਿੱਚ ਹੋਈ ਲੜਾਈ ਦੌਰਾਨ ਇੱਕ ਮਜ਼ਦੂਰ ਦੀ ਮੌਤ ਹੋ ਗਈ ਹੈ, ਜਦ ਕਿ ਕਈ ਹੋਰ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਸਥਾਨਕ ਮੰਡੀ ਦੀ ਮਸ਼ਹੂਰ ਆੜ੍ਹਤੀਆ ਫਰਮ ਜੋਤੀ ਰਾਮ-ਮਦਨ ਲਾਲ ਦੇ ਨਿੰਜੀ ਫੜ੍ਹ ਉੱਤੇ ਕਣਕ ਦੀ ਲੁਹਾਈ, ਝਰਾਈ ਆਦਿ ਦਾ ਕੰਮ ਕਰਦੇ ਮਜ਼ਦੂਰਾਂ ਦੇ ਦੋ ਗੁੱਟ ਕਿਸੇ ਗੱਲ ਲਈ ਆਪਸ ਵਿੱਚ ਲੜ ਪਏ ਤਾਂ ਡਾਂਗਾਂ ਤੇ ਇੱਟਾਂ ਰੋੜੇ ਚੱਲ ਗਏ। ਉਕਤ ਆੜ੍ਹਤੀਆਂ ਦੀ ਦੀਵਾਨ ਸੰਨਜ਼ ਕਾਟਨ ਫੈਕਟਰੀ ਦੇ ਸਾਹਮਣੇ ਦੁਪਹਿਰ ਸਮੇਂ ਉਨ੍ਹਾਂ ਦੇ ਨਿੰਜੀ ਫੜ੍ਹ ਉੱਤੇ ਵਾਪਰੀ ਲੜਾਈ ਦੀ ਇਹ ਘਟਨਾ ਕਣਕ ਦੀ ਟਰਾਲੀ ਉਤਾਰਨ ਦੇ ਮਾਮੂਲੀ ਝਗੜੇ ਤੋਂ ਸ਼ੁਰੂ ਹੋਈ ਦੱਸੀ ਜਾਂਦੀ ਹੈ, ਜੋ ਬਾਅਦ ਵਿੱਚ ਗਾਲੀ ਗਲੋਚ ਅਤੇ ਡਾਂਗਾਂ ਸੋਟਿਆਂ ਸਮੇਤ ਇੱਟਾਂ ਰੋੜੇ ਚੱਲਣ ਕਾਰਨ ਖੂਨੀ ਲੜਾਈ ਤੱਕ ਚਲੀ ਗਈ, ਜਿਸ ਵਿੱਚ ਪਿੰਡ ਸੰਗਤ ਕਲਾਂ ਦੇ ਸਾਬਕਾ ਪੰਚਾਇਤ ਮੈਂਬਰ ਗੁਰਚਰਨ ਸਿੰਘ ਦੇ ਨੌਜਵਾਨ ਪੁੱਤਰ ਗੁਰਦੀਪ ਸਿੰਘ ਉਰਫ ਦੀਪਾ (32) ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ। ਉਸ ਨੂੰ ਬਠਿੰਡਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਲੜਾਈ ਦੌਰਾਨ ਕੁਝ ਹੋਰ ਵਿਅਕਤੀ ਵੀ ਜ਼ਖਮੀ ਹੋਏ ਦੱਸੇ ਗਏ ਹਨ, ਜੋ ਸਰਕਾਰੀ ਹਸਪਤਾਲ ਬਠਿੰਡਾ ਵਿਖੇ ਦਾਖਲ ਹਨ।

# ਵਿਧਾਇਕ ਦੇ ਛਾਪੇ ਦੌਰਾਨ ਚੌਕੀ ਇੰਚਾਰਜ ਸ਼ਰਾਬੀ ਹੋਇਆ ਮਿਲਿਆ

ਡੇਰਾਬੱਸੀ, 17 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਪਰਸੋਂ ਰਾਤ ਮੁਬਾਰਕਪੁਰ ਪੁਲਸ ਚੌਕੀ ਦੀ ਅਚਾਨਕ ਚੈਕਿੰਗ ਕੀਤੀ ਤਾਂ ਚੌਕੀ ਇੰਚਾਰਜ ਗੁਲਸ਼ਨ ਕੁਮਾਰ ਤੇ ਸਾਥੀਆਂ ਨੂੰ ਚੌਕੀ ਵਿੱਚ ਸ਼ਰਾਬ ਪੀਂਦਿਆਂ ਜਾ ਫੜਿਆ। ਵਿਧਾਇਕ ਨੇ ਚੈਕਿੰਗ ਦੀ ਵੀਡੀਓਗਰਾਫੀ ਵੀ ਕਰਵਾਈ ਅਤੇ ਮੌਕੇ ਉੱਤੇ ਡੀ ਐੱਸ ਪੀ ਡੇਰਾਬੱਸੀ ਗੁਰਬਖਸ਼ੀਸ਼ ਸਿੰਘ ਮਾਨ ਨੂੰ ਬੁਲਾਇਆ, ਜਿਨ੍ਹਾਂ ਜ਼ਿਲਾ ਪੁਲਸ ਦੇ ਮੁਖੀ ਦੇ ਨਿਰਦੇਸ਼ਾਂ ਉੱਤੇ ਚੌਕੀ ਇੰਚਾਰਜ ਨੂੰ ਸਸਪੈਂਡ ਕਰਦਿਆਂ ਲਾਈਨ ਹਾਜ਼ਰ ਕਰ ਦਿੱਤਾ।



ਇਸ ਬਾਰੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਉਹ ਕਿਸੇ ਧਾਰਮਿਕ ਸਮਾਗਮ ਤੋਂ ਰਾਤ ਸਾਢੇ ਨੌਂ ਵਜੇ ਵਾਪਸ ਆ ਰਹੇ ਸੀ। ਜਦੋਂ ਮੁਬਾਰਕਪੁਰ ਪਹੁੰਚੇ ਤਾਂ ਚੌਕੀ ਦੇ ਹਾਲਾਤ ਦੇਖਣ ਅੰਦਰ ਚਲੇ ਗਏ। ਓਥੇ ਚੌਕੀ ਇੰਚਾਰਜ ਗੁਲਸ਼ਨ ਕੁਮਾਰ ਸ਼ਰਮਾ ਸਾਥੀਆਂ ਸਮੇਤ ਸ਼ਰਾਬ ਪੀ ਰਿਹਾ ਸੀ। ਉਨ੍ਹਾਂ ਡੀ ਐੱਸ ਪੀ ਡੇਰਾਬੱਸੀ ਨੂੰ ਸੱਦਿਆ ਤਾਂ ਚੌਕੀ ਇੰਚਾਰਜ ਦੀ ਡੇਰਾਬੱਸੀ ਸਿਵਲ ਹਸਪਤਾਲ ਵਿੱਚ ਜਾਂਚ ਕਰਾਉਣ ਲਈ ਖੂਨ ਅਤੇ ਪਿਸ਼ਾਬ ਦੇ ਨਮੂਨੇ ਲਏ ਗਏ, ਜਿਨ੍ਹਾਂ ਵਿੱਚੋਂ ਇੱਕ ਨਮੂਨਾ ਵਿਧਾਇਕ ਨੇ ਪ੍ਰਾਈਵੇਟ ਲੈਬ ਵਿੱਚ ਜਾਂਚ ਕਰਾਉਣ ਲਈ ਭੇਜਿਆ, ਜਦੋਂ ਕਿ ਸਿਵਲ ਹਸਪਤਾਲ ਦੇ ਨਮੂਨਿਆਂ ਦੀ ਰਿਪੋਰਟ ਖਰੜ ਲੈਬ ਨੂੰ ਜਾਂਚ ਲਈ ਭੇਜੀ ਗਈ ਹੈ। ਰੰਧਾਵਾ ਨੇ ਕਿਹਾ ਕਿ ਉਹ ਸ਼ਰਾਬੀ ਪੁਲਸ ਅਫਸਰ ਨੂੰ ਨੌਕਰੀ ਤੋਂ ਬਰਖਾਸਤ ਕਰਵਾਉਣਗੇ। ਏ ਐੱਸ ਆਈ ਗੁਲਸ਼ਨ ਕੁਮਾਰ ਨੇ ਤੀਹ ਮਾਰਚ ਨੂੰ ਚੌਕੀ ਇੰਚਾਰਜ ਦਾ ਚਾਰਜ ਲਿਆ ਸੀ। ਉਹ ਇਸ ਤੋਂ ਪਹਿਲਾਂ ਵੀ ਵਿਵਾਦਾਂ ਵਿੱਚ ਹੈ। ਕਾਂਗਰਸੀ ਕੌਂਸਲਰ ਦਾ ਰਿਸ਼ਤੇਦਾਰ ਹੋਣ ਕਾਰਨ ਕਾਂਗਰਸ ਸਰਕਾਰ ਵੇਲੇ ਉਸ ਦੀ ਡੇਰਾਬੱਸੀ ਵਿੱਚ ਡਿਊਟੀ ਰਹੀ ਸੀ। ਕੱਲ੍ਹ ਜਦੋਂ ਹਲਕਾ ਵਿਧਾਇਕ ਨੇ ਪੁਲਸ ਚੌਕੀ ਦੀ ਚੈਕਿੰਗ ਕੀਤੀ ਤਾਂ ਉਹ ਸਿਵਲ ਵਰਦੀ ਵਿੱਚ ਚੌਕੀ ਵਿੱਚ ਦਵਿੰਦਰ ਸਿੰਘ ਅਤੇ ਇੱਕ ਹੋਰ ਸਾਥੀ ਨਾਲ ਸ਼ਰਾਬ ਪੀ ਰਿਹਾ ਸੀ। ਵਿਧਾਇਕ ਨੇ ਸ਼ਰਾਬ ਦੀ ਕਰੀਬ ਅੱਧੀ ਬੋਤਲ ਤੇ ਤਿੰਨ ਗਲਾਸ ਸ਼ਰਾਬ ਦੇ ਬਰਾਮਦ ਕੀਤੇ।

ਚੌਕੀ ਇੰਚਾਰਜ ਗੁਲਸ਼ਨ ਨੇ ਆਖਿਆ ਕਿ ਉਹ ਡਿਊਟੀ ਉਤੇ ਸੀ ਤਾਂ ਉਸ ਦੇ ਦੋਸਤ ਦਵਿੰਦਰ ਸਿੰਘ ਦਾ ਫੋਨ ਆਇਆ ਕਿ ਬਾਹਰ ਬੈਠ ਕੇ ਥੋੜ੍ਹੀ ਥਕਾਵਟ ਲਾਹ ਲੈਂਦੇ ਹਾਂ। ਉਨ੍ਹਾਂ ਨੇ ਕੰਮ ਦਾ ਹਵਾਲਾ ਦਿੱਤਾ ਤਾਂ ਉਹ ਬੋਤਲ ਚੌਕੀ ਵਿੱਚ ਲੈ ਆਇਆ। ਇਸ ਮਗਰੋਂ ਉਹ ਪੈੱਗ ਪੀਣ ਲੱਗੇ ਸੀ ਕਿ ਵਿਧਾਇਕ ਮੌਕੇ ਉੱਤੇ ਪਹੁੰਚ ਗਏ।




Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
GURSHARAN BOBBY SIDHU
647.539.3020

You only pay upon settlement

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਗੁਜਰਾਤੀ ਵਪਾਰੀ ਦਾ ਇੱਕ ਕਰੋੜ ਦਾ ਕੱਪੜਾ ਹੜੱਪਣ ਵਾਲੇ ਟਰੱਕ ਚਾਲਕ ਤੇ ਸਹਾਇਕ ਕਾਬੂ



ਮੁਕਤਸਰ ਸਾਹਿਬ, 17 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੀ ਪੁਲਸ ਨੇ ਗੁਜਰਾਤ ਦੇ ਵਪਾਰੀ ਦਾ ਕਰੀਬ ਇੱਕ ਕਰੋੜ ਦਾ ਕੱਪੜਾ ਖੁਰਦ-ਬੁਰਦ ਕਰਨ ਵਾਲੇ ਮੁਕਤਸਰ ਸਾਹਿਬ ਦੇ ਟਰੱਕ ਚਾਲਕ ਅਤੇ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਅਤੇ ਇਸ ਦੇ ਬਾਅਦ ਸਾਰੇ ਮਾਮਲਾ ਦੀ ਜਾਂਚ ਕੀਤੀ ਜਾ ਰਹੀ ਹੈ।

ਅਸਲ ਵਿੱਚ 12-13 ਅਗਸਤ 2021 ਦੀ ਰਾਤ ਟਰੱਕ ਅੱਗ ਲੱਗਣ ਦੀ ਸੂਚਨਾ ਮਿਲੀ ਤੋਂ ਪੁਲਸ ਮੌਕੇ ਉੱਤੇ ਪਹੁੰਚੀ। ਅੱਗ ਉੱਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਸੱਦਿਆ ਗਿਆ। ਇਸ ਦੌਰਾਨ ਟਰੱਕ ਕੰਡਕਟਰ ਜੋਗਾ ਸਿੰਘ ਨੇ ਦੱਸਿਆ ਕਿ ਟਰੱਕ ਵਿੱਚ ਕੈਮੀਕਲ ਦੇ ਡਰੰਮ ਲੱਦੇ ਹੋਣ ਕਾਰਨ ਟਰੱਕ ਨੂੰ ਅਚਾਨਕ ਅੱਗ ਲੱਗ ਗਈ। ਪਿੱਛੋਂ ਪਤਾ ਲੱਗਾ ਕਿ ਟਰੱਕ ਵਿੱਚ ਕਰੀਬ ਇੱਕ ਕਰੋੜ ਰੁਪਏ ਦਾ ਕੱਪੜਾ ਵੀ ਸੀ, ਜਿਹੜਾ ਸੂਰਤ (ਗੁਜਰਾਤ) ਤੋਂ ਪੰਜਾਬ ਵਿੱਚ ਲਿਆਂਦਾ ਜਾ ਰਿਹਾ ਸੀ। ਇਸ ਸੰਬੰਧ ਵਿੱਚ 15 ਅਗਸਤ ਨੂੰ ਸੁਰੇਸ਼ ਸ਼ਰਮਾ ਵਾਸੀ ਸਕਾਟ ਵਿਊ ਹਾਈਟਸ ਨੇੜੇ ਮਿਠਾਸ ਸਕਵਾਇਰ ਗੋਡਾਧਰਾ ਥਾਣਾ ਪੂਣਾ ਜ਼ਿਲਾ ਸੂਰਤ ਵੱਲੋਂ ਦਿੱਤੀ ਸ਼ਿਕਾਇਤ ਉੱਤੇ ਟਰੱਕ ਚਾਲਕ ਅਤੇ ਕੰਡਕਟਰ ਉੱਤੇ ਕੱਪੜਾ ਗਾਇਬ ਕਰਨ ਤੇ ਟਰੱਕ ਨੂੰ ਅੱਗ ਲਾਉਣ ਦਾ ਕੇਸ ਦਰਜ ਕੀਤਾ ਗਿਆ। ਇਸ ਮਾਮਲੇ ਵਿੱਚ ਟਰੱਕ ਕੰਡਕਟਰ ਜੋਗਾ ਸਿੰਘ ਵਾਸੀ ਅਬੋਹਰ ਨੂੰ 29 ਮਾਰਚ ਨੂੰ ਕੋਟਕਪੂਰਾ ਦੇ ਬੱਤੀਵਾਲਾ ਬਸ ਸਟੈਂਡ ਚੌਕ ਤੋਂ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਨੇ ਪੁੱਛਗਿੱਛ ਵਿੱਚ ਮੰਨਿਆ ਕਿ 12-13 ਦੀ ਰਾਤ ਬੱਜੂ ਥਾਣਾ ਖੇਤਰ ਵਿੱਚ ਭਾਰਤ ਮਾਤਾ ਪ੍ਰੋਜੈਕਟ ਰੋਡ ਉੱਤੇ ਗੌਡੂ ਰਣਜੀਤਪੁਰਾ ਕੋਲ ਟਰੱਕ ਮਾਲਕ ਵਿਜੇ, ਜੋ ਉਸ ਸਮੇਂ ਖੁਦ ਹੀ ਟਰੱਕ ਚਲਾ ਰਿਹਾ ਸੀ, ਨੇ ਇੱਕ ਹੋਰ ਟਰੱਕ ਮੰਗਵਾਇਆ ਤੇ ਕੱਪੜੇ ਉਸ ਵਿੱਚ ਲੋਡ ਕਰਵਾ ਦਿੱਤੇ। ਬਾਅਦ ਵਿੱਚ ਵਿਜੈ ਨੇ ਆਪਣੇ ਟਰੱਕ ਨੂੰ ਅੱਗ ਲਾਈ ਤੇ ਦੂਜੇ ਟਰੱਕ ਵਿੱਚ ਕੱਪੜੇ ਲੋਡ ਕਰ ਕੇ ਫਰਾਰ ਹੋ ਗਿਆ। ਕੰਡਕਟਰ ਜੋਗਾ ਸਿੰਘ ਤੋਂ ਹੋਈ ਪੁੱਛਗਿੱਛ ਤੋਂ ਬਾਅਦ ਪੁਲਸ ਨੇ ਕਾਰਵਾਈ ਕਰਦੇ ਹੋਏ ਵਿਜੈ ਵਾਸੀ ਮੁਕਤਸਰ ਸਾਹਿਬ ਨੂੰ ਗ੍ਰਿਫਤਾਰ ਕਰ ਲਿਆ ਹੈ।

# ਥਾਣੇ ਮੂਹਰੇ ਗਲੀ ਦੇ ਘਰ ਤੋਂ ਚੋਰ ਦਿਨ ਦਿਹਾੜੇ ਗਹਿਣੇ, ਕੈਸ਼ ਚੋਰੀ ਕਰ ਕੇ ਲੈ ਗਿਆ



ਜਲੰਧਰ, 17 ਅਪ੍ਰੈਲ (ਪੋਸਟ ਬਿਊਰੋ)- ਥਾਣਾ ਤਿੰਨ ਸਾਹਮਣੇ ਗਲੀ ਵਿਚਲੇ ਘਰ ਤੋਂ ਇੱਕ ਚੋਰ ਦਿਨ ਦਿਹਾੜੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਬੜੇ ਆਰਾਮ ਨਾਲ ਫਰਾਰ ਹੋ ਗਿਆ। ਚੋਰ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਿਆ ਹੈ, ਜੋ ਇਕੱਲਾ ਹੀ ਬਾਈਕ ਉੱਤੇ ਆਉਂਦਾ ਦਿਖਾਈ ਦੇ ਰਿਹਾ ਹੈ।

ਕਾਰੋਬਾਰੀ ਕਮਲ ਸ਼ਰਮਾ ਵਾਸੀ ਸੈਂਟਰਲ ਟਾਊਨ ਨੇ ਦੱਸਿਆ ਕਿ ਉਨ੍ਹਾਂ ਦਾ ਥਾਣਾ ਤਿੰਨ ਸਾਹਮਣੇ ਗਲੀ ਵਿੱਚ ਪੰਜ ਨੰਬਰ ਘਰ ਹੈ। ਨੌਂ ਅਪਰੈਲ ਨੂੰ ਉਹ ਪਰਵਾਰ ਸਮੇਤ ਉਤਰਾਖੰਡ ਤੇ ਦਿੱਲੀ ਘੁੰਮਣ ਗਏ ਸਨ। ਕੱਲ੍ਹ ਸ਼ਾਮ ਜਦ ਵਾਪਸ ਆਏ ਤਾਂ ਦੇਖਿਆ ਕਿ ਘਰ ਦੇ ਮੇਨ ਗੇਟ ਦਾ ਤਾਲਾ ਟੁੱਟਾ ਅਤੇ ਅਲਮਾਰੀਆਂ ਦਾ ਸਾਮਾਨ ਖਿਲਰਿਆ ਪਿਆ ਸੀ ਤੇ ਸੋਨੇ-ਚਾਂਦੀ ਦੇ ਗਹਿਣੇ ਤੇ ਕੈਸ਼ ਗਾਇਬ ਸੀ। ਉਨ੍ਹਾਂ ਨੇ ਜਦ ਘਰ ਮੂਹਰੇ ਲੱਗੇ ਸੀ ਸੀ ਟੀ ਵੀ ਕੈਮਰੇ ਚੈੱਕ ਕੀਤੇ ਤਾਂ ਦੇਖਿਆ ਕਿ ਸ਼ਾਮ 5.24 ਵਜੇ ਇੱਕ ਨਕਾਬਪੋਸ਼ ਨੌਜਵਾਨ ਬਾਈਕ ਉੱਤੇ ਆਇਆ। ਉਸ ਨੇ ਪਹਿਲਾਂ ਘਰ ਦੇ ਬਾਹਰ ਬਾਈਕ ਰੋਕੀ ਤੇ ਤਾਲਾ ਲੱਗਾ ਦੇਖ ਕੇ ਕੁਝ ਦੂਰ ਬਾਈਕ ਖੜ੍ਹੀ ਕਰ ਕੇ ਆ ਗਿਆ। ਕਰੀਬ ਤਿੰਨ ਸੈਕਿੰਡ ਵਿੱਚ ਚੋਰ ਨੇ ਘਰ ਦਾ ਮੇਨ ਤਾਲਾ ਤੋੜਿਆ ਤੇ ਸਾਮਾਨ ਸਮੇਟ ਕੇ ਚਲਾ ਗਿਆ। ਚੋਰੀ ਦੀ ਸੂਚਨਾ ਮਿਲਦੇ ਸਾਰ ਥਾਣਾ ਤਿੰਨ ਦੀ ਪੁਲਸ ਤੇ ਫਿੰਗਰ ਐਕਸਪਰਟ ਟੀਮ ਅਤੇ ਹੋਰ ਟੈਕਨੀਕਲ ਟੀਮਾਂ ਮੌਕੇ ਉੱਤੇ ਜਾਂਚ ਲਈ ਪਹੁੰਚ ਗਈਆਂ।

# ਮੋਬਾਈਲ ਖੋਹ ਕੇ ਭੱਜ ਗਏ ਸਨੈਚਰਾਂ ਨੂੰ ਪੀੜਤ ਨੇ ਪਛਾਣਿਆ, ਦੋਵੇਂ ਕਾਬੂ

ਜਲੰਧਰ, 17 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੀ ਗਦਈਪੁਰ ਨਹਿਰ ਉੱਤੇ ਪ੍ਰਵਾਸੀ ਮਜ਼ਦੂਰ ਤੋਂ ਮੋਬਾਈਲ ਫੋਨ ਖੋਹਣ ਵਾਲੇ ਕਾਲੇ ਪਲਸਰ ਸਵਾਰ ਸਨੈਚਰਾਂ ਨੂੰ ਖੁਦ ਪੀੜਤ ਨੇ ਪਛਾਣ ਲਿਆ। ਸਨੈਚਿੰਗ ਪਿੱਛੋਂ ਪੀੜਤ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਤੇ ਸਨੈਚਰਾਂ ਦੇ ਨਾਂਅ ਵੀ ਦੱਸ ਦਿੱਤੇ। ਦੋਵੇਂ ਸਨੈਚਰ ਗਦਈਪੁਰ ਦੇ ਰਹਿਣ ਵਾਲੇ ਹਨ। ਪੁਲਸ ਨੇ ਦੋਸ਼ੀਆਂ ਨੂੰ ਨਾਮਜ਼ਦ ਕਰਨ ਦੇ ਬਾਅਦ ਗ੍ਰਿਫਤਾਰ ਕਰ ਲਿਆ।

ਪ੍ਰਵੀਨ ਯਾਦਵ ਵਾਸੀ ਰਾਜਾ ਗਾਰਡਨ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਇੱਕ ਫੈਕਟਰੀ ਵਿੱਚ ਕੰਮ ਕਰਦਾ ਹੈ। ਉਹ ਸਬਜ਼ੀ ਲੈਣ ਜਾ ਰਿਹਾ ਸੀ। ਜਦੋਂ ਗਦਈਪੁਰ ਨਹਿਰ ਪੁਲੀ ਉੱਤੇ ਪੁੱਜਾ ਤਾਂ ਕਾਲੇ ਰੰਗ ਦੇ ਪਲਸਰ ਉੱਤੇ ਆਏ ਦੋ ਲੁਟੇਰਿਆਂ ਨੇ ਉਸ ਦਾ ਮੋਬਾਈਲ ਖੋਹ ਲਿਆ, ਪਰ ਪ੍ਰਵੀਨ ਨੇ ਦੋਵਾਂ ਸਨੈਚਰਾਂ ਨੂੰ ਪਛਾਣ ਲਿਆ ਅਤੇ ਥਾਣਾ ਅੱਠ ਦੀ ਪੁਲਸ ਨੂੰ ਸੂਚਨਾ ਦਿੱਤੀ। ਪ੍ਰਵੀਨ ਨੇ ਦੱਸਿਆ ਕਿ ਉਸ ਤੋਂ ਮੋਬਾਈਲ ਖੋਹਣ ਵਾਲੇ ਦੋਵਾਂ ਨੌਜਵਾਨਾਂ ਦਾ ਨਾਂਅ ਰਾਜਾ ਕਲਿਆਣ ਤੇ ਵਿਕਰਮ ਹੈ, ਜੋ ਗਦਈਪੁਰ ਦੇ ਰਹਿਣ ਵਾਲੇ ਹਨ। ਪੁਲਸ ਨੇ ਦੋਵਾਂ ਸਨੈਚਰਾਂ ਖਿਲਾਫ ਕੇਸ ਦਰਜ ਕਰ ਕੇ ਉਨ੍ਹਾਂ ਗ੍ਰਿਫਤਾਰ ਕਰ ਲਿਆ ਅਤੇ ਲੁੱਟਿਆ ਹੋਇਆ ਫੋਨ ਬਰਾਮਦ ਕਰ ਲਿਆ ਹੈ।

# ਦਿਨ ਦਿਹਾੜੇ ਨੌਜਵਾਨ ਨੂੰ ਗੋਲੀ ਮਾਰ ਕੇ ਜ਼ਖਮੀ ਕੀਤਾ

ਜਲੰਧਰ, 17 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੀ ਤੱਲ੍ਹਣ ਰੋਡ ਉੱਤੇ ਇੱਕ ਨਿੰਜੀ ਪੈਲੇਸ ਅੱਗੇ ਤਿੰਨ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਸਕੂਲ ਤੋਂ ਆਪਣੇ ਛੋਟੇ ਭਰਾ ਨੂੰ ਲੈ ਕੇ ਆ ਰਹੇ ਇੱਕ 17 ਸਾਲਾਂ ਨੌਜਵਾਨ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ, ਜਿਸ ਬਾਰੇ ਪੁਲਸ ਕਾਰਵਾਈ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਭੁਵਨੇਸ਼ਵਰ ਉਰਫ ਗੋਲੂ ਪੁੱਤਰ ਵਿਲਾਸ ਚੌਧਰੀ ਪਿੰਡ ਤੱਲ੍ਹਣ ਓਥੇ ਸਕੂਲ ਤੋਂ ਆਪਣੇ ਛੋਟੇ ਭਰਾ ਜਤਿਨ ਨੂੰ ਲੈ ਕੇ ਘਰ ਆ ਰਿਹਾ ਸੀ ਕਿ ਤੱਲ੍ਹਣ ਰੋਡ ਉੱਤੇ ਇੱਕ ਨਿੰਜੀ ਪੈਲੇਸ ਅੱਗੇ ਭੁਵਨੇਸ਼ਵਰ (17) ਅਤੇ ਉਸ ਦੇ ਭਰਾ ਨੂੰ ਤਿੰਨ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੇ ਘੇਰ ਕੇ ਉਨ੍ਹਾਂ ਨਾਲ ਚੱਲਣ ਲਈ ਕਿਹਾ ਤਾਂ ਭੁਵਨੇਸ਼ਵਰ ਨੇ ਨਾਂਹ ਕਰ ਦਿੱਤੀ। ਇਸ ਕਾਰਨ ਤਿੰਨਾਂ ਨੌਜਵਾਨਾਂ ਨੇ ਉਸ ਨਾਲ ਕੁੱਟਮਾਰ ਕੀਤੀ ਤੇ ਤਿੰਨਾਂ ਵਿੱਚੋਂ ਇੱਕ ਨੇ ਭੁਵਨੇਸ਼ਵਰ ਦੇ ਸੱਜੇ ਪੱਟ ਵਿੱਚ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ। ਜ਼ਖਮੀ ਲੜਕੇ ਦੀ ਭੈਣ ਦੇ ਦੱਸਣ ਮੁਤਾਬਕ ਪੱਟ ਵਿੱਚ ਵੱਜੀ ਗੋਲੀ ਪੱਟ ਦੇ ਆਰ-ਪਾਰ ਹੋ ਗਈ। ਉਸ ਨੂੰ ਰਾਮਾਮੰਡੀ ਦੇ ਇੱਕ ਨਿੰਜੀ ਹਸਪਤਾਲ ਵਿੱਚ ਲਿਜਾਇਆ ਗਿਆ, ਪਰ ਬਾਅਦ ਵਿੱਚ ਸਿਵਲ ਹਸਪਤਾਲ ਵਿੱਚ ਇਲਾਜ ਦਾਖਲ ਕਰਵਾ ਦਿੱਤਾ ਗਿਆ।

ਥਾਣਾ ਮੁਖੀ ਪਤਾਰਾ ਨਰਿੰਦਰ ਸਿੰਘ ਨੇ ਕਿਹਾ ਕਿ ਭੁਵਨੇਸ਼ਵਰ ਦੇ ਉਹ ਤਿੰਨੇ ਦੋਸਤ ਸਨ, ਜਿਨ੍ਹਾਂ ਦੀ ਮਹੀਨਾ ਪਹਿਲਾਂ ਭੁਵਨੇਸ਼ਵਰ ਨਾਲ ਲੜਾਈ ਹੋਈ ਸੀ। ਇਸ ਦੀ ਰੰਜਿਸ਼ ਰੱਖਦੇ ਹੋਏ ਉਨ੍ਹਾਂ ਨੇ ਭੁਵਨੇਸ਼ਵਰ ਉੱਤੇ ਦੇਸੀ ਕੱਟੇ ਨਾਲ ਗੋਲੀ ਚਲਾ ਕੇ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਤਿੰਨਾਂ ਖਿਲਾਫ ਕੇਸ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਲ ਜਾਰੀ ਹੈ। ਭੁਵਨੇਸ਼ਵਰ ਦੇ ਘਰ ਨੇੜਲੇ ਲੋਕਾਂ ਨੇ ਦੱਸਿਆ ਕਿ ਭੁਵਨੇਸ਼ਵਰ ਪਿਛਲੇ ਕਈ ਸਾਲਾਂ ਤੋਂ ਤੱਲ੍ਹਣ ਰੋਡ ਉੱਤੇ ਇਸ ਘਰ ਵਿੱਚ ਰਹਿ ਰਿਹਾ ਹੈ, ਜਿਸ ਦੀ ਮਾਤਾ ਰਾਜ ਦਿਲਾਵਰੀ ਤੇ ਉਹ ਖੁਦ ਮਜ਼ਦੂਰੀ ਕਰ ਕੇ ਪਰਵਾਰ ਦਾ ਪਾਲਣ ਕਰਦੇ ਹਨ। ਭੁਵਨੇਸ਼ਵਰ ਦੀਆਂ ਦੋ ਭੈਣਾਂ ਅਤੇ ਇੱਕ ਛੋਟਾ ਭਰਾ ਹੈ, ਜਿਸ ਨੂੰ ਭੁਵਨੇਸ਼ਵਰ ਸਕੂਲ ਤੋਂ ਲੈਣ ਗਿਆ ਸੀ।

ਰਾਹੁਲ ਗਾਂਧੀ ਦਾ ਦਾਅਵਾ

## ਕੋਰੋਨਾ ਦੇ ਕਾਰਨ ਭਾਰਤ ਵਿੱਚ 5 ਲੱਖ ਨਹੀਂ, 40 ਲੱਖ ਲੋਕਾਂ ਦੀ ਮੌਤ ਹੋਈ



ਨਵੀਂ ਦਿੱਲੀ, 17 ਅਪਰੈਲ (ਪੋਸਟ ਬਿਊਰੋ)- ਸੀਨੀਅਰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਐਤਵਾਰ ਦਾਅਵਾ ਕੀਤਾ ਕਿ ਭਾਰਤ ਸਰਕਾਰ ਦੀ ਲਾਪਰਵਾਹੀ ਕਾਰਨ ਕਰੋਨਾਮਹਾਮਾਰੀ ਦੌਰਾਨ 40 ਲੱਖ ਭਾਰਤੀਆਂ ਦੀ ਮੌਤ ਹੋਈ ਸੀ। ਇਸ ਦੇ ਨਾਲ ਉਨ੍ਹਾਂ ਨੇ ਇਕ ਵਾਰ ਫਿਰ ਸਾਰੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਰਾਹੁਲ ਗਾਂਧੀ ਨੇ ਟਵਿੱਟਰ ਉੱਤੇ ਇੱਕ ਰਿਪੋਰਟ ਦਾ ਸਕ੍ਰੀਨ ਸ਼ਾਟ ਸ਼ੇਅਰ ਕੀਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿਕੋਵਿਡ ਨਾਲ ਮੌਤਾਂ ਬਾਰੇ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚਓ) ਦੇ ਸੰਸਾਰ ਪੱਧਰ ਦੇ ਅੰਕੜਿਆਂ ਨੂੰ ਜਨਤਕ ਕਰਨ ਦੀਆਂ ਕੋਸ਼ਿਸ਼ਾਂ ਵਿੱਚਭਾਰਤ ਸਰਕਾਰ ਰੁਕਾਵਟ ਪਾ ਰਹੀ ਹੈ।

ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਰਾਹੁਲ ਗਾਂਧੀ ਨੇ ਟਵੀਟ ਵਿੱਚ ਕਿਹਾ ਕਿ ਨਰਿੰਦਰ ਮੋਦੀ ਨਾ ਸੱਚ ਬੋਲਦੇ ਹਨ ਤੇ ਨਾ ਉਨ੍ਹਾਂ ਨੂੰ ਬੋਲਣ ਦਿੰਦੇ ਹਨ, ਉਹ ਅਜੇ ਤੱਕ ਝੂਠ ਕਹਿ ਰਹੇ ਹਨ ਕਿ ਆਕਸੀਜਨ ਦੀ ਕਮੀ ਕਾਰਨ ਕੋਈ ਨਹੀਂ ਮਰਿਆ। ਰਾਹੁਲ ਗਾਂਧੀ ਨੇ ਕਿਹਾ ਕਿ ਮੈਂ ਪਹਿਲਾਂ ਵੀ ਕਿਹਾ ਸੀ ਕਿ ਕੋਵਿਡ ਦੌਰਾਨ ਸਰਕਾਰ ਦੀ ਲਾਪਰਵਾਹੀ ਕਾਰਨ ਪੰਜ ਲੱਖ ਨਹੀਂ, 40 ਲੱਖ ਭਾਰਤੀਆਂ ਦੀ ਮੌਤ ਹੋਈ ਹੈ। ਉਨ੍ਹਾਂ ਨੇ ਕਿਹਾ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ, ਆਪਣਾ ਫਰਜ਼ ਨਿਭਾਉ, ਹਰ ਪੀੜਤ ਪਰਿਵਾਰ ਨੂੰ 4 ਲੱਖ ਰੁਪਏ ਮੁਆਵਜ਼ਾ ਦਿਉ।

ਵਰਨਣ ਯੋਗ ਹੈ ਕਿ ਭਾਰਤ ਨੇ ਸ਼ਨੀਵਾਰ ਨੂੰ ਦੇਸ਼ ਵਿੱਚ ਕੋਵਿਡ-19 ਮੌਤ ਦਰ ਦੇ ਅੰਦਾਜ਼ੇ ਲਾਉਣ ਲਈ ਵਿਸ਼ਵ ਸਿਹਤ ਸੰਗਠਨ ਦੀ ਕਾਰਜਪ੍ਰਣਾਲੀ ਉੱਤੇ ਸਵਾਲ ਚੁੱਕੇ ਅਤੇ ਕਿਹਾ ਸੀ ਕਿ ਇੰਨੇ ਵੱਡੇ ਭੂਗੋਲਿਕ ਖੇਤਰ ਅਤੇ ਆਬਾਦੀ ਵਾਲੇ ਦੇਸ਼ ਵਿੱਚ ਮੌਤਾਂ ਦੀ ਗਿਣਤੀ ਦਾ ਅੰਦਾਜ਼ਾ ਲਾਉਣ ਲਈ ਇਨ੍ਹਾਂ ਮੈਥ ਮਾਡਲਾਂ ਦੀ ਵਰਤੋਂ ਨਹੀਂ ਹੋ ਸਕਦੀ। ਕੇਂਦਰੀ ਸਿਹਤ ਮੰਤਰਾਲੇ ਨੇ ਇਹ ਗੱਲ 16 ਅਪ੍ਰੈਲ ਨੂੰ ਛਪੇ ਲੇਖ 'ਭਾਰਤ ਡਬਲਯੂ ਐੱਚਓ ਦੀ ਵਿਸ਼ਵਵਿਆਪੀ ਕੋਵਿਡ ਮੌਤਾਂ ਦੀ ਗਿਣਤੀ ਨੂੰ ਜਨਤਕ ਕਰਨ ਦੀ ਕੋਸ਼ਿਸ਼ ਵਿੱਚ ਰੁਕਾਵਟ ਪਾ ਰਿਹਾ ਹੈ' ਦੇ ਜਵਾਬ ਵਿੱਚ ਕਹੀ ਸੀ।

# ਪਾਕਿਸਤਾਨ ਵੱਲੋਂ ਅਫਗਾਨਿਸਤਾਨ ਦੇ ਦੋ ਰਾਜਾਂ ਵਿੱਚ ਹਵਾਈ ਹਮਲੇ, ਪੰਜ ਬੱਚਿਆਂ ਸਮੇਤ ਕਈ ਮੌਤਾਂ

ਕਾਬੁਲ, 17 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਗੁਆਂਢੀ ਦੇਸ਼ਾਂ ਪ੍ਰਤੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ। ਅਫਗਾਨਿਸਤਾਨ ਦੇ ਖੋਸਤ ਅਤੇ ਕੁਨਾਰ ਰਾਜਾਂ ਦੇ ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਪਾਕਿਸਤਾਨੀ ਜਹਾਜ਼ਾਂ ਨੇ ਉਨ੍ਹਾਂ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਹਵਾਈ ਹਮਲੇ ਕੀਤੇ।

ਪਤਾ ਲੱਗਾ ਹੈ ਕਿ ਇਨ੍ਹਾਂ ਹਮਲਿਆਂ ਵਿੱਚ ਪੰਜ ਬੱਚਿਆਂ ਤੇ ਕਈ ਲੋਕਾਂ ਦੀ ਮੌਤ ਹੋ ਗਈ ਹੈ। ਅਫਗਾਨਿਸਤਾਨ ਤੋਂ ਮੀਡੀਆ ਰਿਪੋਰਟਾਂ ਮੁਤਾਬਕ ਖੋਸਤ ਸੂਬੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਜਹਾਜ਼ਾਂ ਨੇ ਸ਼ੁੱਕਰਵਾਰ ਰਾਤ ਸੂਬੇ ਦੇ ਪੇਸਾ ਮਿਲਾ ਅਤੇ ਮੀਰ ਸਫ ਖੇਤਰਾਂ ਉੱਤੇ ਬੰਬਾਰੀ ਕੀਤੀ ਸੀ। ਇਸ ਦੇ ਨਾਲ ਸਥਾਨਕ ਲੋਕਾਂ ਨੇ ਦੱਸਿਆ ਕਿ ਖੋਸਤ ਸੂਬੇ ਦੇ ਸਪੇਰਾ ਜ਼ਿਲੇ ਵਿੱਚ ਹੋਏ ਹਵਾਈ ਹਮਲੇ ਵਿੱਚ ਦੋ ਪਰਵਾਰਾਂ ਦੇ 33



ਪਾਕਿਸਤਾਨ ਦੇ ਏਅਰਸਟ੍ਰਾਈਕ ਖਿਲਾਫ ਪ੍ਰਦਰਸ਼ਨ ਕਰਦੇ ਲੋਕ।



ਮੈਂਬਰ ਮਾਰੇ ਗਏ ਹਨ। ਇਸ ਸ਼ਾਲਟਨ ਜ਼ਿਲੇ ਦੇ ਸਥਾਨਕ ਦੌਰਾਨ ਕੁਨਾਰ ਸੂਬੇ ਦੇ ਲੋਕਾਂ ਨੇ ਦੱਸਿਆ ਕਿ ਪਾਕਿ-ਸਤਾਨ ਦੇ ਹਵਾਈ ਹਮਲੇ ਵਿੱਚ ਪੰਜ ਬੱਚੇ ਤੇ ਇੱਕ ਔਰਤ ਦੀ ਮੌਤ ਹੋ ਗਈ। ਇਸ ਬਾਰੇ ਖਾਮਾ ਪ੍ਰੈਸ ਨੇ ਕਿਹਾ ਕਿ ਇਨ੍ਹਾਂ ਹਵਾਈ ਬੰਬ ਧਮਾਕਿਆਂ ਉੱਤੇ ਨਾ ਤਾਂ ਪਾਕਿਸਤਾਨ ਦੀ ਸਰਕਾਰ ਤੇ ਨਾ ਅਫਗਾਨਿਸਤਾਨ ਦੀ ਤਾਲਿਬਾਨ ਦੀ ਅਗਵਾਈ ਵਾਲੀ ਸਰਕਾਰ ਨੇ ਕੋਈ ਟਿੱਪਣੀ ਕੀਤੀ ਹੈ। ਪਾਕਿਸਤਾਨੀ ਮੀਡੀਆ ਨੇ ਕਿਹਾ ਹੈ ਕਿ ਹਮਲਿਆਂ ਦੀ ਅਗਵਾਈ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਨੇ ਕੀਤੀ ਹੈ। ਉਨ੍ਹਾਂ ਰਾਜਾਂ ਵਿੱਚ ਪਸ਼ਤੂਨ ਇਸਲਾਮੀ ਅੱਤਵਾਦੀ ਗਰੁੱਪਾਂ ਨੂੰ ਨਿਸ਼ਾਨਾ ਬਣਾਇਆ। ਜਦ ਕਿ ਅਫਗਾਨਿਸਤਾਨ ਦੇ ਨਿਰੋਜ਼ ਸੂਬੇ ਦੇ ਸਥਾਨਕ ਵਾਸੀਆਂ ਨੇ ਦੱਸਿਆ ਕਿ ਪਾਕਿਸਤਾਨੀ ਬਲਾਂ ਨੇ ਅਫਗਾਨ ਡਰਾਈਵਰਾਂ ਉੱਤੇ ਗੋਲੀਬਾਰੀ ਕੀਤੀ, ਜਿਸ ਨਾਲ ਘੱਟੋ-ਘੱਟ ਇੱਕ ਦੀ ਮੌਤ ਹੋ ਗਈ।

## ਯੂਕਰੇਨ ਨੂੰ ਹਥਿਆਰ ਸਪਲਾਈ ਤੋਂ ਭੜਕੇ ਰੂਸ ਨੇ ਹਮਲੇ ਤੇਜ਼ ਕੀਤੇ

ਕੀਵ, 17 ਅਪ੍ਰੈਲ (ਪੋਸਟ ਬਿਊਰੋ)- ਕਾਲਾ ਸਾਗਰ ਵਿੱਚ ਆਪਣੇ ਜੰਗੀ ਬੇੜੇ ਦੇ ਨੁਕਸਾਨੇ ਜਾਣ ਤੋਂ ਭੜਕੇ ਹੋਏ ਰੂਸ ਨੇ ਯੂਕਰੇਨ ਵਿੱਚ ਹਮਲੇ ਤੇਜ਼ ਕਰ ਦਿੱਤੇ ਹਨ। ਅਮਰੀਕਾ ਅਤੇ ਪੱਛਮੀ ਮੁਲਕਾਂ ਵੱਲੋਂ ਯੂਕਰੇਨ ਦੀ ਮਦਦ ਕੀਤੇ ਜਾਣ ਅਤੇ ਲੜਾਈ ਨੂੰ ਲੰਬਾ ਖਿਚਦਾ ਦੇਖ ਕੇ ਰੂਸ ਆਰ-ਪਾਰ ਦੇ ਮੂਡ ਵਿੱਚ ਹੈ।

ਰੂਸ ਨੇ ਅਮਰੀਕਾ ਅਤੇ ਨਾਟੋ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਜੇ ਉਨ੍ਹਾਂ ਨੇ ਯੂਕਰੇਨ ਨੂੰ ਹਥਿਆਰਾਂ ਦੀ ਸਪਲਾਈ ਜਾਰੀ ਰੱਖੀ ਤਾਂ ਉਸ ਦੇ ਮਾੜੇ ਨਤੀਜੇ ਹੋਣਗੇ। ਖਾਰਕੀਵ ਉੱਤੇ ਹੋਏ ਹਮਲੇ



ਵਿੱਚ ਆਮ ਨਾਗਰਿਕਾਂ ਦੇ ਮਾਰੇ ਜਾਣ ਦੀ ਵੀ ਗੱਲ ਕਹੀ ਗਈ ਹੈ। ਯੂਕਰੇਨ ਦੇ ਪ੍ਰਸ਼ਾਸਨ ਅਨੁਸਾਰ ਇਕੱਲੇ ਕੀਵ ਖੇਤਰ ਵਿੱਚ 900 ਤੋਂ ਵੱਧ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਮੌਤ ਗੋਲੀ ਲੱਗਣ ਨਾਲ ਹੋਈ ਹੈ। ਕੱਲ੍ਹ ਸਵੇਰੇ ਪੂਰਬੀ ਕੀਵ ਤੋਂ ਧੂੰਆਂ ਨਿਕਲਦਾ ਦੇਖਿਆ ਗਿਆ। ਸ਼ਹਿਰ ਦੇ ਮੇਅਰ ਵਿਟਾਲੀ ਕਵਿਲਸ਼ਕੋ ਨੇ ਸ਼ਹਿਰ ਦੇ ਦਾਨਿਸਕੀ ਜ਼ਿਲੇ ਉੱਤੇ ਹਮਲੇ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੈਰਾ ਮੈਡੀਕਲ ਅਤੇ ਰਾਹਤ ਕਰਮਚਾਰੀ ਮੌਕੇ ਉੱਤੇ ਹਨ ਤੇ ਮ੍ਰਿਤਕਾਂ ਦੀ ਸੰਭਾਵਤ ਗਿਣਤੀ ਬਾਰੇ ਬਾਅਦ ਵਿੱਚ ਦੱਸਿਆ ਜਾਏਗਾ। ਮੇਅਰ ਨੇ ਜੰਗ ਦੇ ਕਾਰਨ ਸ਼ਹਿਰ ਛੱਡ ਚੁੱਕੇ ਲੋਕਾਂ ਨੂੰ ਘਰ ਨਾ ਆਉਣ ਲਈ ਕਿਹਾ ਹੈ। ਅਜੇ ਇਹ ਸਾਫ ਨਹੀਂ ਕਿ ਹਮਲੇ ਵਿੱਚ ਕਿਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

ਸ਼ਾਹਬਾਜ਼ ਸ਼ਰੀਫ਼ ਵੱਲੋਂ ਮੋਦੀ ਨੂੰ ਚਿੱਠੀ

## ਭਾਰਤ ਨਾਲ ਸ਼ਾਂਤੀਪੂਰਨ ਸਬੰਧਾਂ ਦੀ ਇੱਛਾ ਪ੍ਰਗਟ ਕਰਦਿਆਂ ਕਸ਼ਮੀਰ ਮੁੱਦਾ ਵੀ ਨਾਲ ਜੋੜਿਆ



ਨਵੀਂ ਦਿੱਲੀ, 17 ਅਪਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀਪੂਰਨ ਸਬੰਧਾਂ ਦੀ ਇੱਛਾ ਪ੍ਰਗਟਾਈ ਹੈ, ਪਰ ਉਹ ਇਸ ਚਿੱਠੀ ਵਿੱਚ ਵੀ ਕਸ਼ਮੀਰ ਦਾ ਮੁੱਦਾ ਮੁੜ ਕੇ ਉਠਾਉਣ ਤੋਂ ਵੀ ਨਹੀਂ ਰਹੇ।

ਬੀਤੀ 11 ਅਪ੍ਰੈਲ ਨੂੰ ਸ਼ਾਹਬਾਜ਼ ਸ਼ਰੀਫ ਦੇ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਚੁਣੇ ਜਾਣ ਪਿੱਛੋਂ ਭਾਰਤ ਦੇ ਪ੍ਰਧਾਨ ਮੰਤਰੀਨਰਿੰਦਰ ਮੋਦੀ ਨੇ ਪੱਤਰ ਲਿਖ ਕੇ ਵਧਾਈ ਦਿੱਤੀ ਤੇ ਇੱਕ ਟਵੀਟ ਵਿੱਚ ਕਿਹਾ ਸੀ ਕਿ ਭਾਰਤ ਇਸ ਖੇਤਰ ਵਿੱਚ ਸ਼ਾਂਤੀ ਤੇ ਸਥਿਰਤਾ ਤੇਅੱਤਵਾਦ ਤੋਂ ਮੁਕਤੀ ਚਾਹੁੰਦਾ ਹੈ, ਤਾਂਕਿ ਦੋਵਾਂ ਦੇਸ਼ਾਂ ਦਾ ਵਿਕਾਸ ਹੋ ਸਕੇ। ਸਰਕਾਰੀ ਸੂਤਰਾਂ ਨੇ ਅੱਜ ਐਤਵਾਰ ਨੂੰ ਦੱਸਿਆ ਕਿ ਸ਼ਾਹਬਾਜ਼ ਸ਼ਰੀਫ ਨੇ ਸ਼ਨਿਚਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਜਵਾਬੀ ਪੱਤਰ ਵਿੱਚ ਕਿਹਾ ਹੈ, 'ਸ਼ੁਭ ਕਾਮਨਾਵਾਂ ਲਈ ਸ਼ੁਕਰੀਆ ਪ੍ਰਧਾਨ ਮੰਤਰੀ ਮੋਦੀ। ਪਾਕਿਸਤਾਨ, ਭਾਰਤ ਨਾਲ ਸ਼ਾਂਤਮਈ ਤੇ ਸਹਿਯੋਗੀ ਸਬੰਧ ਚਾਹੁੰਦਾ ਹੈ। ਜੰਮੂ-ਕਸ਼ਮੀਰਸਮੇਤ ਹੋਰ ਵਿਵਾਦਾਂ ਦਾ ਸ਼ਾਂਤਮਈ ਹੱਲ ਜ਼ਰੂਰੀ ਹੈ। ਪਾਕਿਸਤਾਨ ਨੇ ਅੱਤਵਾਦ ਨਾਲ ਲੜਦੇ ਹੋਏ ਕਾਫ਼ੀ ਕੁਝ ਗੁਆਇਆ ਹੈ। ਆਓ, ਅਸੀਂ ਆਪਣੇ ਲੋਕਾਂ ਦੇ ਸਮਾਜਿਕ-ਆਰਥਿਕ ਵਿਕਾਸ ਉੱਤੇ ਧਿਆਨ ਕੇਂਦਰਿਤ ਕਰੀਏ।' ਇਸ ਬਾਰੇ ਭਾਰਤ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਨਾਲ ਸਾਧਾਰਨ ਗੁਆਂਢੀ ਦਾ ਸਬੰਧ ਚਾਹੁੰਦਾ ਹੈ, ਪਰ ਇਸਦੇ ਲਈ ਪਾਕਿਸਤਾਨ ਨੂੰ ਅੱਤਵਾਦ ਤੇ ਦੁਸ਼ਮਣੀ ਤੋਂ ਮੁਕਤ ਮਾਹੌਲ ਬਣਾਉਣਾ ਪਵੇਗਾ।

## ਰੂਸ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਤੇ ਉੱਚ ਅਫਸਰਾਂ ਉੱਤੇ ਦੇਸ਼ ਵਿੱਚ ਦਾਖਲੇ ਦੀ ਪਾਬੰਦੀ ਲਾਈ

ਮਾਸਕੋ, 17 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮਤਰੀ ਬੋਰਿਸ ਜਾਨਸਨ, ਵਿਦੇਸ਼ ਮੰਤਰੀ ਐਲਿਜ਼ਾਬੈਥ ਟਰਸ, ਰੱਖਿਆ ਮੰਤਰੀ ਬੇਨ ਵੈਲੇਸ ਅਤੇ ਉਨ੍ਹਾਂ ਦੇ ਉੱਚ ਅਧਿਕਾਰੀਆਂ ਉੱਤੇ ਰੂਸ ਨੇ ਆਪਣੇ ਦੇਸ਼ ਵਿੱਚ ਦਾਖਲ ਹੋਣ ਉੱਤੇ ਪਾਬੰਦੀ ਲਾ ਦਿੱਤੀ ਹੈ। ਰੂਸ ਦੇ ਵਿਦੇਸ਼ ਮੰਤਰਾਲਾ ਨੇ ਕੱਲ੍ਹ ਇੱਥੇ ਇਹ ਜਾਣਕਾਰੀ ਦਿੱਤੀ।



ਵਿਦੇਸ਼ ਮੰਤਰਾਲਾ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ, "ਬ੍ਰਿਟਿਸ਼ ਸਰਕਾਰ ਵੱਲੋਂ ਰੂਸ ਵਿਰੁੱਧ ਖਾਸ ਕਰ ਕੇ ਉਸ ਦੇ ਸੀਨੀਅਰ ਅਧਿਕਾਰੀਆਂ ਉੱਤੇ ਪਾਬੰਦੀ ਲਾਉਣ ਦੀ ਕਾਰਵਾਈ ਮੁਕਾ-ਬਲੇ ਬ੍ਰਿਟਿਸ਼ ਸਰਕਾਰ ਦੇ ਮਹੱਤਵ ਪੂਰਨ ਮੈਂਬਰਾਂ ਤੇ ਕਈ ਆਗੂਆਂ ਦੇ ਰੂਸ ਵਿੱਚ ਦਾਖਲ ਹੋਣ ਉੱਤੇ ਪਾਬੰਦੀ ਲਾਉਣ ਦਾ ਫੈਸਲਾ ਲਿਆ ਗਿਆ ਹੈ।" ਮੰਤਰ-ਾਲਾ ਨੇ ਕਿਹਾ ਕਿ ਨਵੀਆਂ ਪਾਬੰਦੀਆਂ ਬ੍ਰਿਟੇਨ ਵੱਲੋਂ ਰੂਸ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਅਲੱਗ-ਥਲੱਗ ਕਰਨ ਅਤੇ ਰੂਸ ਦੀ ਆਰਥਿਕਤਾ ਨੂੰ ਤਬਾਹ ਕਰਨ ਲਈ ਅਤੇ ਸਿਆਸੀ ਮੁਹਿੰਮ ਚਲਾਉਣ ਦੀ ਪ੍ਰਕਿਰਿਆ ਵਜੋਂ ਲਾਈਆਂ ਗਈਆਂ ਹਨ। ਰੂਸ ਦੇ ਵਿਦੇਸ਼ ਮੰਤਰਾਲਾ ਨੇ ਵੀ ਬ੍ਰਿਟੇਨ ਉੱਤੇ ਯੂਕਰੇਨ ਦੀ ਸਥਿਤੀ ਨੂੰ ਜਾਣਬੁੱਝ ਕੇ ਵਿਗਾੜਨ ਦਾ ਵੀ ਦੋਸ਼ ਲਾਇਆ ਅਤੇ ਕਿਹਾ ਕਿ ਬ੍ਰਿਟੇਨ ਯੂਕਰੇਨ ਨੂੰ ਮਾਰੂ ਹਥਿਆਰ ਭੇਜਣ ਅਤੇ ਰੂਸ ਵਿਰੁੱਧ ਪਾਬੰਦੀਆਂ ਲਾਉਣ ਲਈ ਦੂਜੇ ਦੇਸ਼ਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਬ੍ਰਿਟਿਸ਼ ਅਧਿਕਾਰੀਆਂ ਨੂੰ ਰੂਸੋਫੋਬੀਆ ਹੋ ਗਿਆ ਹੈ। ਮੰਤਰਾਲੇ ਵੱਲੋਂ ਦੱਸਿਆ ਗਿਆ ਕਿ ਬ੍ਰਿਟੇਨ ਦੇ ਕੁੱਲ 13 ਅਧਿਕਾਰੀਆਂ ਉੱਤੇ ਪਾਬੰਦੀ ਲਗਾਈ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸਿਆਸਤਦਾਨਾਂ ਅਤੇ ਬ੍ਰਿਟਿਸ਼ ਸੰਸਦ ਮੈਂਬਰਾਂ ਉੱਤੇ ਵੀ ਪਾਬੰਦੀ ਲਗਾਉਣ ਦੀ ਕਾਰਵਾਈ ਕੀਤੀ ਜਾਵੇਗੀ।

## ਨੌਕਰੀ ਵਿੱਚ ਵਾਪਸੀ ਲਈ ਤੀਹ ਸਾਲ ਕੇਸ ਲੜੇ, ਰਿਟਾਇਰਮੈਂਟ ਦੇ ਬਾਅਦ ਜਿੱਤ ਸਕੇ

ਨਵੀਂ ਦਿੱਲੀ, 17 ਅਪ੍ਰੈਲ (ਪੋਸਟ ਬਿਊਰੋ)- ਕਹਿੰਦੇ ਹਨ ਕਿ ਦੇਰੀ ਨਾਲ ਮਿਲਿਆ ਨਿਆਂ ਵੀ ਅਨਿਆਂ ਬਰਾਬਰ ਹੁੰਦਾ ਹੈ। ਕੁਝ ਅਜਿਹਾ ਹੀ ਬਿਹਾਰ ਦੇ ਪੰਜ ਅਧਿਆਪਕਾਂ ਨਾਲ ਹੋਇਆ ਹੈ। ਉਨ੍ਹਾਂ ਨੇ ਆਪਣੀ ਨੌਕਰੀ ਨੂੰ ਵਾਪਸ ਲੈਣ ਲਈ ਹੇਠਲੀ ਅਦਾਲਤ ਤੋਂ ਸੁਪਰੀਮ ਕੋਰਟ ਤੱਕ ਕਾਨੂੰਨੀ ਲੜਾਈ ਲੜੀ। ਨਿਆਂ ਮਿਲਿਆ ਵੀ, ਪਰ ਤੀਹ ਸਾਲ ਦੀ ਕਾਨੂੰਨੀ ਲੜਾਈ ਦੇ ਬਾਅਦ, ਜਦੋਂ ਉਹ ਨੌਕਰੀ ਤੋਂ ਰਿਟਾਇਰ ਹੋ ਚੁੱਕੇ ਹਨ।


ਸੁਪਰੀਮ ਕੋਰਟ ਦੇ ਜਸਟਿਸ ਅਜੈ ਰਸਤੋਗੀ ਅਤੇ ਜਸਟਿਸ ਅਭੈ ਐੱਸ ਓਕਾ ਦੀ ਬੈਂਚ ਨੇ ਪਟਨਾ ਹਾਈ ਕੋਰਟ ਦਾ ਫੈਸਲਾ ਰੱਦ ਕਰਦੇ ਹੋਏ ਕਿਹਾ ਕਿ ਹਾਈ ਕੋਰਟ ਨੇ ਸਾਲ 1986 ਦੇ ਬਿਹਾਰ ਸਰਕਾਰ ਦੇ ਇੱਕ ਮਹੱਤਵ ਪੂਰਨ ਨੋਟੀਫਿਕੇਸ਼ਨ ਨੂੰ ਨਜ਼ਰ ਅੰਦਾਜ਼ ਕੀਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਪਤਾ ਲੱਗਾ ਹੈ ਕਿ ਬਿਹਾਰ ਵਿੱਚ ਲੈਕਚਰਾਰ ਅਤੇ ਪ੍ਰੋਫੈਸਰਾਂ ਦੀ ਰਿਟਾਇਰਮੈਂਟ ਦੀ ਉਮਰ 67 ਸਾਲ ਹੈ। ਇਸ ਲਈ ਉਨ੍ਹਾਂ ਸਾਹਮਣੇ ਆਏ ਪੰਜ ਵਿੱਚੋਂ ਚਾਰ ਪਟੀਸ਼ਨਰ ਇਸ ਉਮਰ ਹੱਦ ਨੂੰ ਪਾਰ ਕਰ ਚੁੱਕੇ ਹਨ ਅਤੇ ਇੱਕ ਪਟੀਸ਼ਨਰ ਡਾਕਟਰ ਮੋਦਨਾਥ ਮਿਸ਼ਰਾ ਦੀ ਉਮਰ ਦੇ ਅਨੁਸਾਰ ਉਹ ਕੁਝ ਸਮਾਂ ਵਿਦਿਅਕ ਸੰਸਥਾ ਵਿੱਚ ਸੇਵਾ ਦੇ ਸਕਦਾ ਹੈ। ਮੋਦਨਾਥ ਮਿਸ਼ਰਾ ਨੂੰ ਮਾਰਚ 2023 ਵਿੱਚ ਰਿਟਾਇਰ ਹੋਣ ਤੱਕ ਲਈ ਬਿਹਾਰ ਸਰਕਾਰ ਨੌਕਰੀ ਉੱਤੇ ਰੱਖੇ। ਇਸ ਦੇ ਇਲਾਵਾ ਇਸ ਮਾਮਲੇ ਵਿੱਚ ਇਹ ਸਹੀ ਹੋਵੇਗਾ ਕਿ ਬਿਹਾਰ ਸਰਕਾਰ ਚਾਰ ਪਟੀਸ਼ਨਰਾਂ ਨੂੰ ਉਨ੍ਹਾਂ ਦੀ ਰਿਟਾਇਰਮੈਂਟ ਪਿੱਛੋਂ ਮਿਲਦੇ ਸਾਰੇ ਲਾਭ ਇੱਕ ਮਹੀਨੇ ਦੇ ਅੰਦਰ ਦੇਵੇ ਅਤੇ ਸਾਰੇ ਏਰੀਅਰ ਆਦਿ ਵੀ ਤਿੰਨ ਮਹੀਨੇ ਦੇ ਅੰਦਰ ਦਿੱਤੇ ਜਾਣ।

ਪਟੀਸ਼ਨਰਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਆਯੁਰਵੈਦਿਕ ਵਿੱਚ ਡਿਗਰੀ ਹਾਸਲ ਕੀਤੀ ਸੀ ਤੇ ਇਸ ਡਿਗਰੀ ਦੇ ਆਧਾਰ ਉੱਤੇ ਉਹ 14 ਮਾਰਚ 1978 ਤੋਂ 10 ਮਈ 1979 ਵਿਚਾਲੇ ਬਿਹਾਰ ਦੇ ਪ੍ਰਾਈਵੇਟ ਕਾਲਜਾਂ ਵਿੱਚ ਲੈਕਚਰਾਰ ਨਿਯੁਕਤ ਹੋਏ। ਇਸ ਪਿੱਛੋਂ ਬਤੌਰ ਪ੍ਰੋਫੈਸਰ ਉਨ੍ਹਾਂ ਦੀ ਤਰੱਕੀ ਹੋਈ। ਬਿਹਾਰ ਸਰਕਾਰ ਨੇ ਆਪਣੀ ਪ੍ਰਸ਼ਾਸਕੀ ਸ਼ਕਤੀ ਦੀ ਵਰਤੋਂ ਕਰਦੇ ਹੋਏ ਸਾਲ 1985 ਵਿੱਚ ਬਿਹਾਰ ਪ੍ਰਾਈਵੇਟ ਮੈਡੀਕਲ ਕਾਲਜ ਟੇਕਿੰਗ ਓਵਰ ਐਕਟ 1985 ਬਣਾ ਦਿੱਤਾ। ਇਸ ਕਾਨੂੰਨ ਹੇਠ ਬਿਹਾਰ ਸਰਕਾਰ ਨੇ ਭੋਜਪੁਰ ਜ਼ਿਲਾ ਸਥਿਤ ਧਨਵੰਤਰੀ ਆਯੁਰਵੈਦ ਕਾਲਜ ਦਾ ਟੇਕਓਵਰ ਇੱਕ ਜੂਨ 1986 ਨੂੰ ਕੀਤਾ ਸੀ, ਜਿਸ ਨਾਲ ਇਨ੍ਹਾਂ ਦੀ ਨੌਕਰੀ ਖਤਰੇ ਵਿੱਚ ਪੈ ਗਈ ਸੀ।

## ਪ੍ਰਯਾਗਰਾਜ ਵਿੱਚ ਇੱਕੋ ਪਰਵਾਰ ਦੇ ਪੰਜ ਜੀਆਂ ਦਾ ਕਤਲ

ਪ੍ਰਯਾਗਰਾਜ, 17 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਇੱਕੋ ਘਰ ਦੇ ਪੰਜ ਜੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਮਾਮਲਾ ਗੰਗਾਪਾਰ ਨਵਾਬਗੰਜ ਥਾਣਾ ਖੇਤਰ ਦੇ ਖਾਗਲਪੁਰ ਪਿੰਡ ਦਾ ਹੈ, ਜਿੱਥੇ ਸ਼ੁੱਕਰਵਾਰ ਰਾਤ ਇੱਕ ਪਰਵਾਰ ਦੇ ਪੰਜ ਜੀਆਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾਂ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਦੀਆਂ ਤਿੰਨ ਬੱਚੀਆਂ ਸ਼ਾਮਲ ਹਨ। ਪਤਨੀ ਸਮੇਤ ਤਿੰਨ ਬੱਚੀਆਂ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕੀਤਾ ਗਿਆ, ਜਦ ਕਿ ਪਤੀ ਫਾਂਸੀ ਨਾਲ ਲਟਕਦਾ ਮਿ-ਲਿਆ।

ਐੱਸ ਐੱਸ ਪੀ ਅਜੈ ਕੁਮਾਰ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਰਾਹੁਲ ਤਿਵਾੜੀ (37), ਉਸ ਦੀ ਪਤਨੀ ਪ੍ਰੀਤੀ ਤਿਵਾੜੀ (35) ਅਤੇ ਤਿੰਨ ਧੀਆਂ-




ਮਾਹੀ (15), ਪੀਹੂ (13) ਅਤੇ ਕੁਹੂ (11) ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਕੱਲ੍ਹ ਸਵੇਰੇ ਕਰੀਬ ਸਾਢੇ ਸੱਤ ਵਜੇ ਪੁਲਸ ਨੂੰ ਸੂਚਨਾ ਮਿਲੀ ਕਿ ਖਾਗਲਪੁਰ ਪਿੰਡ ਵਿੱਚ ਇੱਕੋ ਘਰ ਦੇ ਪੰਜ ਜੀਅ ਮ੍ਰਿਤਕ ਮਿਲੇ ਹਨ। ਇਸ ਸੂਚਨਾ ਉੱਤੇ ਉਹ ਪੁਲਸ ਅਤੇ ਫੋਰੈਂਸਿਕ ਟੀਮ ਨਾਲ ਘਟਨਾ ਵਾਲੀ ਥਾਂ ਉੱਤੇ ਪਹੁੰਚੇ। ਪੁਲਸ ਨੇ ਪੂਰੇ ਘਟਨਾਕ੍ਰਮ ਦਾ ਜਾਇਜ਼ਾ ਲਿਆ ਅਤੇ ਘਰ ਦੇ ਮੁਖੀ ਰਾਹੁਲ ਦੀ ਲਾਸ਼ ਸਾੜ੍ਹੀ ਨਾਲ ਲਟਕਦੀ ਹੋਈ ਮਿਲੀ ਅਤੇ ਉਸ ਦੇ ਸਰੀਰ ਉੱਤੇ ਸੱਟ ਦੇ ਨਿਸ਼ਾਨ ਨਹੀਂ ਮਿਲੇ। ਪੁਲਸ ਮੁਤਾਬਕ ਲੱਗਦਾ ਹੈ ਕਿ ਰਾਹੁਲ ਨੇ ਖੁਦਕੁਸ਼ੀ ਕੀਤੀ ਹੈ। ਰਾਹੁਲ ਤੋਂ ਇਲਾਵਾ ਪਰਵਾਰ ਦੇ ਹੋਰ ਚਾਰ ਮੈਂਬਰ ਰਾਹੁਲ ਦੀ ਪਤਨੀ ਤੇ ਤਿੰਨ ਧੀਆਂ ਦਾ ਗਲ ਵੱਢ ਕੇ ਕਤਲ ਕਰ ਦਿੱਤਾ ਗਿਆ, ਜਿਸ ਤੋਂ ਉਨ੍ਹਾਂ ਦੇ ਕਤਲ ਕੀਤੇ ਜਾਣ ਦੇ ਸੰਕੇਤ ਮਿਲਦੇ ਹਨ। ਐੱਸ ਐੱਸ ਪੀ ਅਜੈ ਕੁਮਾਰ ਨੇ ਕਿਹਾ ਕਿ ਰਾਹੁਲ ਦੀ ਲਾਸ਼ ਉੱਤੇ ਕਿਸੇ ਤਰ੍ਹਾਂ ਦੇ ਸੱਟ ਦੇ ਨਿਸ਼ਾਨ ਨਹੀਂ ਮਿਲੇ। ਪੋਸਟਮਾਰਟਮ ਤੋਂ ਬਾਅਦ ਸਪੱਸ਼ਟ ਹੋ ਸਕੇਗਾ ਕਿ ਉਸ ਦੀ ਮੌਤ ਕਿਵੇਂ ਹੋਈ। ਜਾਂਚ ਲਈ ਸੱਤ ਮੈਂਬਰੀ ਟੀਮ ਬਣਾਈ ਗਈ ਹੈ। ਪੁਲਸ ਕਤਲ ਅਤੇ ਖੁਦਕੁਸ਼ੀ ਦੋਵਾਂ ਪਹਿਲੂਆਂ ਤੋਂ ਘਟਨਾ ਦੀ ਜਾਂਚ ਕਰੇਗੀ। ਰਾਹੁਲ ਦੀ ਭੈਣ ਅਤੇ ਜੀਜਾ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਅਤੇ ਦੱਸਿਆ ਕਿ ਰਾਹੁਲ ਦਾ ਸਹੁਰੇ ਪਰਵਾਰ ਨਾਲ ਕਾਫੀ ਦਿਨਾਂ ਤੋਂ ਵਿਵਾਦ ਚੱਲ ਰਿਹਾ ਸੀ।

## ਦਿੱਲੀ ਦੇ ਮੁੱਖ ਮੰਤਰੀ ਨੇ ਪੰਜਾਬ ਨੂੰ ਲਾਂਚਿੰਗ ਪੈਡ ਬਣਾ ਦਿੱਤੈ: ਸਿੱਧੂ

ਅੰਮ੍ਰਿਤਸਰ, 17 ਅਪਰੈਲ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂਅੱਜ ਐਤਵਾਰ ਜੰਡਿਆਲਾ ਗੁਰੂ ਅਨਾਜ ਮੰਡੀ ਵਿੱਚ ਆਏ ਤਾਂ ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੇਂਦਰੀ ਲੀਡਰ ਅਰਵਿੰਦ ਕੇਜਰੀਵਾਲ ਹਮੇਸ਼ਾ ਚੋਣਾਂ ਦੇ ਮੂਡ ਵਿੱਚ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਆਮ ਲੋਕਾਂ ਦੀ ਕਿਸੇ ਤਰ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ।

ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਚੋਣਾਂ ਦੇ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਕਿਸੇ ਦੀ ਫ਼ਸਲ ਦਾ ਨੁਕਸਾਨ ਹੋਵੇਗਾ ਤਾਂ ਉਸ ਨੂੰ ਪੰਜਾਹ ਹਜ਼ਾਰ ਰੁਪਏ ਏਕੜ ਮੁਆਵਜ਼ਾ ਦਿੱਤਾ ਜਾਵੇਗਾ, ਪਰ ਕੁਝ ਨਹੀਂ ਮਿਲਿਆ। ਇਸ ਵਾਰ ਕਿਸਾਨਾਂ ਦੀ ਕਣਕ ਦੀ ਫ਼ਸਲ ਗਰਮੀ ਨਾਲ ਸੜ ਗਈ ਹੈ, ਪਰ ਸਰਕਾਰ ਮੁਆਵਜ਼ਾ ਦੇਣ ਨੂੰ ਗੰਭੀਰ ਨਹੀਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਨੂੰ ਸਿਰਫ ਲਾਂਚਿੰਗ ਪੈਡ ਸਮਝਦੀ ਹੈ, ਏਥੋਂ ਜਿੱਤ ਕੇ ਉਹ ਹਿਮਾਚਲ ਅਤੇ ਗੁਜਰਾਤ ਵਿੱਚ ਜਿੱਤਣਾ ਚਾਹੁੰਦੀ ਹੈ।

300 ਬਿਜਲੀ ਯੂਨਿਟਾਂ ਮੁਆਫ ਕਰਨ ਬਾਰੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਜੇ ਜਨਰਲ ਵਰਗ ਦਾ ਖਪਤਕਾਰ 300 ਯੂਨਿਟ ਤੋਂ ਉੱਪਰ ਵਰਤੋਂ ਕਰੇ ਤਾਂ ਉਸ ਨੂੰ ਸਾਰੇ ਯੂਨਿਟਾਂ ਦਾ ਬਿੱਲ ਦੇਣਾ ਪਵੇਗਾ, ਪਰ ਅਰਵਿੰਦ ਕੇਜਰੀਵਾਲ ਨੇ ਚੋਣ ਪ੍ਰਚਾਰ ਵੇਲੇ ਕਿਹਾ ਸੀ ਕਿ ਸਭ ਦੀ ਇੱਕਸਾਰ ਬਿਜਲੀ ਮਾਫ਼ ਕੀਤੀ ਜਾਵੇਗੀ, ਫਿਰ ਉਸ ਦੀ ਪੰਜਾਬ ਸਰਕਾਰ ਵੱਖ-ਵੱਖ ਵਰਗਾਂ ਨਾਲ ਵਿਤਕਰਾ ਕਿਉਂ ਕਰਦੀ ਹੈ।

## ਪੁਲਾੜ ਵਿੱਚ ਛੇ ਮਹੀਨੇ ਬਿਤਾ ਕੇ ਚੀਨੀ ਯਾਤਰੀ ਪਰਤੇ

ਬੀਜਿੰਗ, 17 ਅਪ੍ਰੈਲ (ਪੋਸਟ ਬਿਊਰੋ)- ਚੀਨ ਦੇ ਨਵੇਂ ਪੁਲਾੜ ਕੇਂਦਰ ਤਿਆਨਗੋਂਗ ਉੱਤੇ ਰਿਕਾਰਡ ਛੇ ਮਹੀਨੇ ਬਤੀਤ ਕਰਨ ਪਿੱਛੋਂ ਤਿੰਨੋਂ ਚੀਨੀ ਪੁਲਾੜ ਯਾਤਰੀ ਕੱਲ੍ਹ ਸਹੀ ਸਲਾਮਤ ਧਰਤੀ ਉੱਤੇ ਆ ਗਏ। ਇਹ ਪਹਿਲਾਂ ਵਾਲੀ ਪੁਲਾੜ ਦੀ ਸਭ ਤੋਂ ਲੰਬੀ ਸਿੰਗਲ ਉਡਾਣ ਦੀ ਦੁੱਗਣੀ ਸੀ।

ਸਰਕਾਰੀ ਖਬਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਸ਼ੇਨਝੋਊ-13 ਕੈਪਸੂਲ ਤਿੰਨੋਂ ਪੁਲਾੜ ਯਾਤਰੀਆਂ ਝਾਈ ਝਿਗਾਂਗ, ਵਾਂਗ ਯਾਪਿੰਗ ਅਤੇ ਯੇ ਗੁਆਂਗਫੂ ਨੂੰ ਲੈ ਕੇ ਅੰਦਰੂਨੀ ਮੰਗੋਲੀਆ ਖੁਦਮੁਖਤਾਰ ਖੇਤਰ ਦੇ ਗੋਬੀ ਰੇਗਿਸਤਾਨ ਵਿੱਚ ਡੋਂਗਫੇਂਗ ਲੈਂਡਿੰਗ ਸਥਾਨ ਉੱਤੇ ਸਥਾਨਕ ਸਮੇਂ ਮੁਤਾਬਕ ਸਵੇਰੇ 9.56 ਵਜੇ ਉਤਰਿਆ। ਗਲੋਬਲ ਟਾਈਮਜ਼ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਡਾਕਟਰਾਂ ਨੇ ਚਾਲਕ ਦਲ ਦੇ ਮੈਂਬਰਾਂ ਦੇ ਠੀਕਠਾਕ ਹੋਣ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਯਾਤਰੀਆਂ ਨੇ ਸ਼ੇਨਝੋਊ-12 ਦੇ 92 ਦਿਨਾਂ ਦੇ ਰਿਕ-ਾਰਡ ਨੂੰ ਤੋੜ ਦਿੱਤਾ ਹੈ।

ਸ਼ੇਨਝੋਊ ਪੁਲਾੜ ਜਹਾਜ਼ ਨੂੰ ਬਣਾਉਣ ਵਾਲੀ ਚਾਈਨਾ ਅਕਾਦਮੀ ਆਫ ਸਪੇਸਕਰਾਫਟ ਟੈਕਨਾਲੋਜੀ (ਸੀ ਏ ਐੱਸ ਟੀ) ਨੇ ਇੱਕ ਬਿਆਨ ਵਿੱਚ ਕਿਹਾ ਕਿ ਸ਼ੇਨਝੋਊ-13 ਮਿਸ਼ਨ ਨੇ ਪਹਿਲੀ ਵਾਰ ਐਮਰਜੈਂਸੀ ਮਿਸ਼ਨ ਤੰਤਰ ਦੀ ਖੋਜ ਕੀਤੀ। ਇਸ ਦੇ ਲਾਂਚਿੰਗ ਤੋਂ ਬਾਅਦ ਸ਼ੇਨਝੋਊ-14 ਮਨੁੱਖ ਰਹਿਤ ਪੁਲਾੜ ਜਹਾਜ਼ ਅਤੇ ਲਾਂਗ ਮਾਰਚ-2 ਐੱਫ ਵਾਈ-14 ਰਾਕੇਟ ਨੂੰ ਲਾਂਚ ਲਈ ਤਿਆਰ ਰੱਖਿਆ ਗਿਆ ਸੀ, ਤਾਂ ਕਿ ਪਰਤਦੇ ਸਮੇਂ ਕਿਸੇ ਖਰਾਬੀ ਉੱਤੇ ਸ਼ੇਨਝੋਊ-13 ਦੇ ਪੁਲਾੜ ਯਾਤਰੀਆਂ ਦਾ ਬਚਾਅ ਕੀਤਾ ਜਾ ਸਕੇ। ਸ਼ੇਨਝੋਊ-13 ਮਿਸ਼ਨ ਦੀ ਵਾਪਸੀ ਵਿੱਚ ਲਗਭਗ 28 ਘੰਟੇ ਲੱਗੇ ਸਨ, ਪਰ ਸ਼ੇਨਝੋਊ-13 ਨੇ ਸਿਰਫ ਅੱਠ ਘੰਟੇ ਲਏ। ਇਸ ਦੇ ਯਾਤਰੀਆਂ ਨੇ ਬੀਤੇ ਅਕਤੂਬਰ ਵਿੱਚ ਆਪਣਾ ਮਿਸ਼ਨ ਸ਼ੁਰੂ ਕੀਤਾ ਸੀ। ਪੁਲਾੜ ਯਾਤਰੀ ਦਲ ਨੇ ਕੈਮਰਿਆਂ ਨੂੰ ਲਾਉਣ ਤੇ ਪ੍ਰੀਖਣ ਕਰਨ ਲਈ ਦੋ ਸਪੇਸ ਵਾਕ ਕੀਤੇ। ਚੀਨ ਮਨੁੱਖ ਰਹਿਤ ਪੁਲਾੜ ਏਜੰਸੀ (ਸੀ ਐੱਮ ਐੱਸ ਏ) ਨੇ ਪਿਛਲੇ ਮਹੀਨੇ ਕਿਹਾ ਸੀ ਕਿ ਅਗਲੇ ਦੋ ਮਿਸ਼ਨਾਂ ਲਈ ਯਾਤਰੀਆਂ ਦੀ ਪਛਾਣ ਕਰ ਲਈ ਹੈ ਤੇ ਉਹ ਸਿਖਲਾਈ ਲੈ ਰਹੇ ਹਨ।

ਚੀਨ ਦੇ ਅੰਗਰੇਜ਼ੀ ਨਿਊਜ਼ ਚੈਨਲ ਸੀ ਜੀ ਟੀ ਐੱਨ ਨੇ ਦੱਸਿਆ ਕਿ ਪੁਲਾੜ ਯਾਤਰੀਆਂ ਨੇ ਧਰਤੀ ਉੱਤੇ ਬੈਠੇ ਵਿਦਿਆਰਥੀਆਂ ਲਈ ਵਿਗਿਆਨ ਦੇ ਦੋ ਭਾਸ਼ਣ ਦਿੱਤੇ, ਜਿਨ੍ਹਾਂ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ। 'ਗਲੋਬਲ ਟਾਈਮਜ਼' ਨੇ ਦੱਸਿਆ ਕਿ ਪੁਲਾੜ ਸੰਚਾਰ ਤਕਨੀਕਾਂ ਵਿੱਚ ਹੋਈ ਤਰੱਕੀ ਦੀ ਮਦਦ ਨਾਲ ਪੁਲਾੜ ਯਾਤਰੀ ਇੰਟਰਨੈਟ ਰਾਹੀਂ ਮਨੋਰੰਜਨ ਵੀ ਕਰ ਰਹੇ ਸਨ ਤੇ ਆਪਣੇ ਪਰਵਾਰਾਂ ਤੇ ਦੋਸਤਾਂ ਨਾਲ ਗੱਲ ਕਰਨ ਵਿੱਚ ਵੀ ਸਮਰੱਥ ਸਨ।

ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149




ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੰਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ਼, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਉਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## Matrimonial

Marriage
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

**Urgently Need New Listings in Brampton/Caledon**

visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO — Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt — Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ — Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave — Sandalwood/ Conestoga/ Dalzell
SOLD @101% OF ASKING PRICE — 12 Laurelcrest St — Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd — Howden / William Pkwy/ Hwy 410
SOLD @99% OF ASKING PRICE — 11 Van Hoof Crest — Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave — Kennedy / Dougall
SOLD $73,000 OVER ASKING IN 6 DAYS Shelbourne — 416 Olde Village Lane — Hwy 89 / Greenwood
SOLD $355,000 OVER ASKING IN 4 DAYS — 37 Esker Dr — Heart Lake Rd/Sandalwood Pkwy

**FREE**
✓ Full MLS Services ✓ Staging Consultation ✓ Professional Pictures and Virtual Tour
✓ Consistently Marketing Your Property Until SOLD ✓ Billboard, Flyer, Newspaper ✓ Social media & Radio Advertisement
✓ Online Promotion ✓ Open House Until Sold
✓ Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



323rd Revelation Day of Khalsa
੩੨੩ ਵਾਂ ਖਾਲਸਾ ਸਾਜਨਾ ਦਿਵਸ




Kultar Singh Gill 416-676-8820 | Manjit Singh Parmar 416-524-7330 | Bhupinder Singh Ubbi 416-726-7388
Inderjit Singh Jagron 416-704-0506 | Harbans Singh Jandali 416-804-1999 | Ajmer Singh Mandur 519-574-5042
Pall Singh Badwal 416-402-9053

**PLEASE NOTE: *NO PARADE THIS YEAR***
**CELEBRATIONS ONLY AT NATHAN PHILIPS SQUARE (City Hall)**
**10.00 AM TO 5:00 PM**

Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday

ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ



ASIAN FOOD CENTRE
**Vaisakhi SALE**
www.AsianFoodCentre.com — 8TH APR TO 19TH APR 2022 — Fresh Fruits, Vegetables, Indian & Canadian Grocery

- SHER DESI STYLE ATTA $13.99
- TAJ ATTA $12.99
- MEERA BESAN $4.99
- ALMONDS $4.99 1LB REG.$6.99
- ASIAN BASMATI RICE $8.99
- AFC DIAMOND RICE $7.99
- MOTHER DAIRY PANEER $4.29
- SAFFRON $1.99 1G REG.$2.99
- GOLDEN COOKIES $5.49 2.5LB REG.$6.99
- ANGUR TOOR DAL $13.99
- TASTY BROWN SUGAR $7.99
- REDPATH SUGAR $2.99 2KG
- TEA INDIA $8.99
- INDIAN ROOHAFZA $3.49 800G
- PARLE-G $0.89
- BRAR RASMALAI $8.99
- BRITANNIA DRY CAKE $2.99
- MOTHER DAIRY MAKHANI $3.99
- BIKANERI COOKIES $4.99 2.5LB
- POPULAR PARATHA $3.99
- HEINZ KETCHUP $4.99
- MR GOUDAS SALT $0.99 1KG
- INDICA NATURAL BROWN HAIR COLOR 2 FOR $1 40ML
- PACHARANGA FOODS ASSORTED PICKLE $3.79 800GM
- GOOD DAY COOKIES 3 FOR $2 75GM
- SURATI SNACKS $2.29 +TAX
- APPY FIZZ $0.99 1L
- WAGHABAKRI TEA $10.99 2LB
- BR TIGER GLUCOSE BISCUIT $1.49 300GM
- MR GOUDAS CHICK PEAS $1.49 540GM
- BIKANO DRY PETHA $3.99 400G REG.$4.99
- BIKANERI GOLGAPPE $3.29 EA REG.$4.99
- MR GOUDAS RED KIDNEY BEANS $1.49 540ML
- PAKISTANI ROOHAFZA $4.49 800GM
- BRITANNIA MILK RUSK $3.49 (560 GM)EA
- BLACK CHANA $4.49 4LB REG.$4.99
- CHANA DAL $3.99 EA REG.$4.99
- CIAN FRESH CUT VEGETABLES $0.79 340GM
- PRAN ASST CHUTNEY $2.29 300GM REG.$3.29
- PRAN FLATTENED RICE (POHA) $1.29 EA

**VARIETIES OF SWEETS AVAILABLE**

ETOBICOKE: 10 Westmore Dr. 416-740-3262
MISSISSAUGA: 1075 Ceremonial Dr. 905-502-1600
BRAMPTON: 621 Wanless Dr. 905-495-3336
BRAMPTON: 2120 N Park Dr. 905-793-1338
BRAMPTON: 80 Pertosa Dr. 905-460-0009
BRAMPTON: 40 Airport RD & Lacoste Blvd. 905-794-8109
BRAMPTON: 10510 Torbram Rd. 905-790-0030
BRAMPTON: 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media